
ਮਹਾਨ ਚਿੰਤਕ ਸੀਰੀਜ਼

# ਅਰਸਤੂ



ਜੋਧ ਸਿੰਘ

www.punjabilibrary.com

# ਅਗਸਤੂ

**ਲੇਖਕ ਦੀਆਂ ਹੋਰ ਰਚਨਾਵਾਂ :**

*ਸਿੱਖ ਸਿਧਾਂਤ : ਸਰੂਪ ਤੇ ਸਮਰੱਥਾ*

*ਪ੍ਰੋ: ਗੁਰਬਚਨ ਸਿੰਘ ਤਾਲਿਬ : ਜੀਵਨ ਤੇ ਰਚਨਾ*

*श्री दसम ग्रन्थ साहिब टीका-4 सैंचियां*

*वारां भाई गुरदास जी टीका*

*सिख धर्म और दर्शन की रूप रेखा*

*हिन्दी पंजाबी कोष (सह-संपादक)*

*Religious Philosophy of Guru Nanak*

*A Few Sikh Doctrines Reconsidered*

# ਅਰਸਤੂ

## ਸ਼ਖ਼ਸੀਅਤ ਅਤੇ ਰਚਨਾਵਾਂ

ਡਾ ਜੋਧ ਸਿੰਘ

ਸਿੰਘ ਬ੍ਰਦਰਜ਼
ਅੰਮ੍ਰਿਤਸਰ

*ARISTOTLE* : Life and Works
by Dr. Jodh Singh

ISBN 81-7205-136-0

© ਲੇਖਕ

**ਪਹਿਲੀ ਵਾਰ ਜਨਵਰੀ ੧੯੯੬**

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

*ਟਾਈਪ-ਸੈੱਟਰ :*

**ਕੇ. ਜੀ. ਗ੍ਰਾਫ਼ਿਕਸ**
98, ਸਿਟੀ ਸੈਂਟਰ, ਅੰਮ੍ਰਿਤਸਰ

*ਪ੍ਰਿੰਟਰ :*

**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

**ਮੁੱਲ : 25 ਰੁਪਏ**

# ਅੰਦਰਲੀ ਝਾਤ


| | |
|---|---|
| 1. ਯੂਨਾਨੀ ਫਲਸਫਾ : ਅਰਸਤੂ ਤੋਂ ਪਹਿਲਾਂ<br>ਥੇਲੀਜ਼, ਅਨੇਕਜ਼ਮੇਂਡਰ, ਅਨੇਕਜ਼ੀਮੇਨੀਜ਼, ਪਾਈਥਾਗੋਰਸ, ਜ਼ੇਨੋਫੇਨੀਜ਼, ਪਾਰਮੇਨਾਈਡੀਜ਼, ਜ਼ੇਨੋ, ਹੇਰੇਕਲਾਈਟਸ, ਐਮਪੀਡੋਕਲੀਜ਼, ਲਿਊਕੀਪਸ ਅਤੇ ਡੀਮੋਕਰਿਟਸ, ਸੁਕਰਾਤ, ਪਲੈਟੋ | 11-32 |
| 2. ਅਰਸਤੂ : ਜੀਵਨ ਅਤੇ ਸ਼ਖ਼ਸੀਅਤ | 33-42 |
| 3. ਅਰਸਤੂ : ਚਿੰਤਨ ਦਾ ਵਿਕਾਸ ਅਤੇ ਰਚਨਾਵਾਂ | 43-88 |
| ਲਾਜਿਕ | 52-53 |
| ਫਿਜ਼ਿਕਸ | 53-57 |
| ਸਾਈਕੋਲੋਜੀ | 57-59 |
| ਮੈਟਾਫਿਜ਼ਿਕਸ | 59-70 |
| ਨੀਤੀ ਸ਼ਾਸਤਰ | 70-74 |
| ਪਾਲਿਟਿਕਸ | 74-81 |
| ਪੋਇਟਿਕਸ | 82-88 |
| 4. ਅਰਸਤੂ ਦੇ ਚਿੰਤਨ ਦਾ ਪ੍ਰਭਾਵ | 89-94 |
| 5. ਪੁਸਤਕ-ਸੂਚੀ | 95-96 |




www.punjabilibrary.com

## ਦੋ ਸ਼ਬਦ

*ਅਰਸਤੂ : ਸ਼ਖ਼ਸੀਅਤ ਅਤੇ ਰਚਨਾਵਾਂ* ਨਾਮਕ ਪੁਸਤਕ ਡਾ ਜੋਧ ਸਿੰਘ, ਪ੍ਰੋਫ਼ੈਸਰ ਆਫ਼ ਸਿਖਿਜ਼ਮ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪੰਜਾਬੀ ਪਾਠਕਾਂ ਨੂੰ ਅਣਮੋਲ ਭੇਟ ਹੈ। ਪ੍ਰੋਫ਼ੈਸਰ ਜੋਧ ਸਿੰਘ ਸਿੱਖ ਧਰਮ ਦਰਸ਼ਨ ਦੇ ਗਿਣੇ ਮਾਣੇ ਵਿਦਵਾਨ ਹਨ ਅਤੇ ਭਾਰਤੀ ਤੇ ਪੱਛਮੀ ਦਰਸ਼ਨ ਉਨ੍ਹਾਂ ਦੀ ਮੁਹਾਰਤ ਦਾ ਖੇਤਰ ਹੈ। ਇਸ ਪੁਸਤਕ ਵਿਚ ਉਨ੍ਹਾਂ ਨੇ ਅਰਸਤੂ ਦੇ ਜੀਵਨ, ਸ਼ਖ਼ਸੀਅਤ, ਕਲਾਤਮਕ ਅਤੇ ਦਾਰਸ਼ਨਿਕ ਪਿਛੋਕੜ, ਰਚਨਾਵਾਂ ਅਤੇ ਪ੍ਰਭਾਵ ਦਾ ਬਹੁਤ ਹੀ ਸੰਖੇਪ ਅਤੇ ਸੁਨਿਸ਼ਚਿਤ ਵਰਣਨ ਪੇਸ਼ ਕੀਤਾ ਹੈ।

ਅਰਸਤੂ, ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ, ਸੰਸਾਰ ਦਾ ਇਕੱਲਾ ਅਜਿਹਾ ਚਿੰਤਕ ਸੀ ਜਿਸ ਨੇ ਸੰਸਾਰ ਦੇ ਗਿਆਨ-ਉਦੈ ਵਿਚ ਹਰ ਪੱਖ ਤੋਂ ਅਤਿਅੰਤ ਸਾਰਥਕ ਦੇਣ ਦਿੱਤੀ। ਆਧੁਨਿਕ ਯੁਗ ਵਿਚ ਗਿਆਨ-ਵਿਗਿਆਨ ਅਤੇ ਦਰਸ਼ਨ ਦਾ ਕੋਈ ਖੇਤਰ ਅਜਿਹਾ ਨਹੀਂ ਜਿਸ ਦਾ ਬੀਜ-ਰੂਪ ਵਿਚ ਆਰੰਭ ਅਰਸਤੂ ਵਲੋਂ ਪੇਸ਼ ਕੀਤੇ ਗਿਆਨ ਵਿਚੋਂ ਨਾ ਹੁੰਦਾ ਹੋਵੇ। ਜੇਕਰ ਸੰਸਾਰ ਵਿਚ ਵਿਚਾਰਾਂ ਦੇ ਇਤਿਹਾਸ ਉਪਰ ਪਿੱਛਲ-ਝਾਤ ਮਾਰੀਏ ਤਾਂ ਇਹ ਸਹਿਜੇ ਹੀ ਪਤਾ ਲਗ ਜਾਂਦਾ ਹੈ ਕਿ ਇਤਿਹਾਸ ਦੇ ਹਰ ਯੁਗ ਵਿਚ ਸੱਚ ਦੀ ਭਾਲ ਵਿਚ ਤੁਰੇ ਪਾਂਧੀਆਂ ਨੇ ਕਿਸੇ ਨਾ ਕਿਸੇ ਰੂਪ ਵਿਚ ਅਰਸਤੂ ਨੂੰ ਆਪਣੇ ਵਿਚਾਰਾਂ ਦਾ ਸੋਮਾ ਬਣਾਇਆ ਹੈ। ਚਿੰਤਨ ਦੇ ਇਤਿਹਾਸ ਵਿਚ ਕੋਈ ਅਜਿਹੀ ਸ਼ਖ਼ਸੀਅਤ ਨਹੀਂ ਹੋਈ ਜਿਸ ਨੇ ਏਨੇ ਲੰਮੇ ਸਮੇਂ ਲਈ ਬੁੱਧੀਜੀਵੀਆਂ ਦੇ ਸੰਸਾਰ ਉਪਰ ਆਪਣੀ ਪ੍ਰਭੁਤਾ ਜਮਾਈ ਰਖੀ ਹੋਵੇ।

ਅਰਸਤੂ ਦੀ ਬਹੁਪਾਸਾਰੀ ਸ਼ਖ਼ਸੀਅਤ ਨੂੰ ਅਤੇ ਉਸ ਵਲੋਂ ਦਿੱਤੀਆਂ ਭਿੰਨ-ਭਿੰਨ ਗਿਆਨ-ਖੇਤਰਾਂ ਨਾਲ ਸੰਬੰਧਿਤ ਰਚਨਾਵਾਂ ਨੂੰ ਪੰਜਾਬੀ ਦੇ ਆਮ

ਸਾਧਾਰਣ ਪਾਠਕ ਤਕ ਪਹੁੰਚਾਉਣ ਲਈ ਪ੍ਰੋਫ਼ੈਸਰ ਜੋਧ ਸਿੰਘ ਹੋਰਾਂ ਨੇ ਕਹਾਣੀ ਰੂਪ ਵਿਚ ਆਪਣੀ ਸਾਮੱਗਰੀ ਪੇਸ਼ ਕੀਤੀ ਹੈ। ਆਮ ਸਾਧਾਰਣ ਪਾਠਕ ਜੋ ਕਦੀ ਕਾਲਜ ਵਿਚ ਨਹੀਂ ਪੜ੍ਹਿਆ, ਪਰ ਜਿਸ ਨੂੰ ਇਤਿਹਾਸ ਅਤੇ ਸਾਇੰਸ ਦੀਆਂ ਲੱਭਤਾਂ ਨੂੰ ਜਾਣਨ ਦੀ ਭੁੱਖ ਹੈ, ਉਹ ਅੰਗਰੇਜ਼ੀ ਭਾਸ਼ਾ ਵਿਚ ਲਿਖੀਆਂ ਤਕਨੀਕੀ ਕਿਸਮ ਦੀਆਂ ਅਰਸਤੂ ਬਾਰੇ ਪੁਸਤਕਾਂ ਨਹੀਂ ਪੜ੍ਹ ਸਕਦੇ। ਉਨ੍ਹਾਂ ਨੂੰ ਹੱਥਲੀ ਪੁਸਤਕ ਵਰਗੀਆਂ ਲਿਖਤਾਂ ਦੀ ਲੋੜ ਹੈ ਜਿਨ੍ਹਾਂ ਦੁਆਰਾ ਉਹ ਸੰਸਾਰ ਵਿਚ ਸਦੀਆਂ ਤੋਂ ਤੁਰੀ ਆਉਂਦੀ ਸਾਇੰਸ ਅਤੇ ਫਿਲਾਸਫੀ ਦੀ ਕਹਾਣੀ ਪੜ੍ਹ ਕੇ ਮਾਣ ਸਕਣ। ਦਰਸ਼ਨ ਆਪਣੇ ਆਪ ਵਿਚ ਬੜਾ ਸੁੱਕਾ ਅਤੇ ਨੀਰਸ ਵਿਸ਼ੈ ਮੰਨਿਆ ਗਿਆ ਹੈ, ਪਰ ਜਦੋਂ ਅਸੀਂ ਇਸਨੂੰ ਆਮ ਬੋਲ-ਚਾਲ ਦੇ ਮੁਹਾਵਰੇ ਵਿਚ ਤਕਨੀਕੀ ਸ਼ਬਦਾਵਲੀ ਤੋਂ ਬਿਨਾਂ ਕਹਾਣੀ ਵਾਂਗੂੰ ਸੁਣਾਉਣ ਦੀ ਕੋਸ਼ਿਸ਼ ਕਰੀਏ ਤਾਂ ਆਮ ਪਾਠਕ ਉਸ ਵਿਚੋਂ ਸੁਆਦ ਲੈਣ ਲਗ ਪੈਂਦਾ ਹੈ, ਕਿਉਂਕਿ ਦਰਸ਼ਨ ਦਾ ਸਰੋਕਾਰ ਵੀ ਤਾਂ ਮੌਤ ਅਤੇ ਜ਼ਿੰਦਗੀ ਦੇ ਉਨ੍ਹਾਂ ਮਸਲਿਆਂ ਨਾਲ ਹੀ ਹੈ ਜੋ ਆਮ ਜਨ-ਸਾਧਾਰਣ ਨੂੰ ਸੋਚਣ ਤੇ ਸਮਝਣ ਲਈ ਮਜਬੂਰ ਕਰਦੇ ਹਨ। ਡਾ ਜੋਧ ਸਿੰਘ ਦੀ ਹੱਥਲੀ ਪੁਸਤਕ ਇਸੇ ਦਿਸ਼ਾ ਵਲ ਪੁੱਟੀ ਇਕ ਪੁਲਾਂਘ ਹੈ।

ਮੈਨੂੰ ਪੂਰਨ ਆਸ ਹੈ ਕਿ ਪੰਜਾਬੀ ਪਾਠਕ ਇਸ ਪੁਸਤਕ ਦਾ ਪਾਠ ਪੂਰੀ ਤਰ੍ਹਾਂ ਮਾਣਨਗੇ ਅਤੇ ਅਰਸਤੂ ਦੇ ਜੀਵਨ, ਸ਼ਖ਼ਸੀਅਤ ਅਤੇ ਰਚਨਾਵਾਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨਗੇ। ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਲੋਂ ਪੰਜਾਬੀ ਪਾਠਕਾਂ ਲਈ ਇਸ ਪ੍ਰਕਾਰ ਦੀਆਂ ਪੁਸਤਕਾਂ ਦੀ ਲੜੀ ਜਾਰੀ ਕਰਨ ਦਾ ਫ਼ੈਸਲਾ ਬਹੁਤ ਹੀ ਮੁਬਾਰਕ ਹੈ। ਸੰਸਾਰ ਦੇ ਚਿੰਤਨ ਦੇ ਇਤਿਹਾਸ ਵਿਚ ਜਿਨ੍ਹਾਂ ਵੀ ਸੋਚਵਾਨਾਂ ਅਤੇ ਸਿਰਜਕਾਂ ਨੇ ਕਿਸੇ ਨਾ ਕਿਸੇ ਪੱਖੋਂ ਮਹੱਤਵਪੂਰਨ ਦੇਣ ਦਿੱਤੀ ਹੈ, ਉਨ੍ਹਾਂ ਦੀਆਂ ਕਹਾਣੀਆਂ ਸੁਣਾਉਣ ਨਾਲ ਪੰਜਾਬੀ ਪਾਠਕਾਂ ਦੇ ਮਾਨਸਿਕ ਵਿਕਾਸ ਵਿਚ ਵਾਧਾ ਹੋਵੇਗਾ, ਖ਼ਾਸ ਕਰਕੇ ਉਨ੍ਹਾਂ ਪਾਠਕਾਂ ਦਾ ਜੋ ਮੁਕਾਬਲਤਨ ਸਮਾਜ ਦੇ ਨੀਵੇਂ ਵਰਗਾਂ ਨਾਲ ਸੰਬੰਧਿਤ ਹਨ ਅਤੇ ਜੋ ਗਿਆਨ-ਵਿਗਿਆਨ ਨਾਲ ਸਾਂਝ ਪੈਦਾ ਕਰਨ ਲਈ ਅੰਗਰੇਜ਼ੀ ਵਿਚ ਲਿਖੇ ਸਾਹਿਤ ਤਕ ਨਹੀਂ ਪਹੁੰਚ ਸਕਦੇ। ਉਨ੍ਹਾਂ ਪਾਠਕਾਂ ਲਈ ਸਿੰਘ ਬ੍ਰਦਰਜ਼ ਦੁਆਰਾ ਆਰੰਭ ਕੀਤੀ ਇਹ ਪੁਸਤਕ-ਲੜੀ ਵਰਦਾਨ ਸਿੱਧ ਹੋਵੇਗੀ ਜਿਸ

ਰਾਹੀਂ ਦੇਸ਼-ਵਿਦੇਸ਼ ਦੇ ਉੱਘੇ ਵਿਚਾਰਵਾਨਾਂ, ਦਾਰਸ਼ਨਿਕਾਂ, ਸਾਇੰਸਦਾਨਾਂ, ਕਲਾਕਾਰਾਂ ਅਤੇ ਸਮਾਜ ਦੇ ਉਸਰਈਆਂ ਦੇ ਕਹਾਣੀ ਰੂਪ ਵਿਚ ਬ੍ਰਿਤਾਂਤ ਕ੍ਰਮਵਾਰ ਪਾਠਕਾਂ ਤਕ ਪਹੁੰਚਾਏ ਜਾਣਗੇ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਡਾ. ਜੋਧ ਸਿੰਘ ਦੀ ਇਹ ਲਘੂ-ਪੁਸਤਕ ਜੋ ਇਸ ਲੜੀ ਵਿਚ ਛਾਪੀ ਜਾ ਰਹੀ ਹੈ, ਆਮ ਸਾਧਾਰਣ ਪੰਜਾਬੀ ਪਾਠਕਾਂ ਦੀ ਗਿਆਨ ਦੀ ਭੁੱਖ ਨੂੰ ਤ੍ਰਿਪਤਾਏਗੀ ਅਤੇ ਉਨ੍ਹਾਂ ਦੇ ਮਨਾਂ ਵਿਚ ਅਜਿਹੀਆਂ ਹੋਰ ਪੁਸਤਕਾਂ ਪੜ੍ਹਨ ਦੀ ਜਗਿਆਸਾ ਵਧੇਗੀ। ਇਹ ਪੁਸਤਕ ਪੰਜਾਬੀ ਭਾਸ਼ਾ ਦੀ ਗਿਆਨ-ਵਿਗਿਆਨ ਬਾਰੇ ਚਰਚਾ ਪੈਦਾ ਕਰਨ ਦੇ ਪੱਖੋਂ ਸਮਰੱਥਾ ਵਿਚ ਵੀ ਵਾਧਾ ਕਰੇਗੀ। ਸਿੰਘ ਬ੍ਰਦਰਜ਼ ਦੇ ਨੌਜਵਾਨ ਨਿਰਦੇਸ਼ਕ ਸਰਦਾਰ ਗੁਰਸਾਗਰ ਸਿੰਘ ਇਸ ਪੁਸਤਕ ਲੜੀ ਨੂੰ ਜਾਰੀ ਕਰਨ ਲਈ ਵਧਾਈ ਦੇ ਪਾਤਰ ਹਨ।

**ਆਤਮਜੀਤ ਸਿੰਘ**
*ਪ੍ਰੋਫੈਸਰ ਤੇ ਮੁਖੀ*

ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

# ਯੂਨਾਨੀ ਫਲਸਫਾ : ਅਰਸਤੂ ਤੋਂ ਪਹਿਲਾਂ

ਪੂਰਬ ਵਿਚ ਭਾਰਤ ਅਤੇ ਚੀਨ ਅਤੇ ਪੱਛਮ ਵਿਚ ਗ੍ਰੀਸ (ਯੂਨਾਨ) ਪ੍ਰਾਚੀਨ ਸਭਿਅਤਾ, ਸੰਸਕ੍ਰਿਤੀ ਅਤੇ ਚਿੰਤਨ ਦੇ ਪ੍ਰਮੁਖ ਕੇਂਦਰ ਮੰਨੇ ਜਾਂਦੇ ਰਹੇ ਹਨ। ਇਨ੍ਹਾਂ ਦੇਸਾਂ ਵਿਚ ਮੌਲਿਕ ਅਤੇ ਸੁਤੰਤਰ ਵਿਚਾਰਕਾਂ ਨੇ ਜਨਮ ਲਿਆ ਅਤੇ ਭੌਤਿਕ ਅਤੇ ਪਰਾਭੌਤਿਕ ਜਗਤ ਬਾਰੇ ਆਪਣੇ ਚਿੰਤਨ ਨਾਲ ਲੋਕਾਈ ਦਾ ਮਾਰਗ-ਦਰਸ਼ਨ ਕੀਤਾ। ਉਂਜ ਭਾਰਤ ਵਾਸੀਆਂ ਅਤੇ ਵਿਸ਼ੇਸ਼ ਕਰਕੇ ਵੈਦਿਕ ਧਾਰਾ ਨਾਲ ਸੰਬੰਧਿਤ ਵਿਅਕਤੀਆਂ ਵਿਚ ਇਕ ਪਰੰਪਰਾ ਨੇ ਕਾਫ਼ੀ ਜ਼ੋਰ ਫੜਿਆ ਹੋਇਆ ਹੈ ਕਿ ਦੁਨੀਆਂ ਦਾ ਸਾਰਾ ਗਿਆਨ-ਵਿਗਿਆਨ ਵੇਦਾਂ ਵਿਚੋਂ ਹੀ ਨਿਕਲਿਆ ਹੈ ਪਰ ਦੁਨੀਆਂ ਦੀ ਤਾਂ ਗੱਲ ਹੀ ਛੱਡੋ ਮੋਹਨਜੋਦੜੋ ਅਤੇ ਹੜੱਪਾ ਦੀਆਂ ਖ਼ੁਦਾਈਆਂ ਨੇ ਹੀ ਇਸ ਤੱਥ ਨੂੰ ਝੁਠਲਾ ਦਿੱਤਾ ਹੈ ਅਤੇ ਸਿੱਧ ਕਰ ਦਿੱਤਾ ਹੈ ਕਿ ਵੈਦਿਕ ਸੰਸਕ੍ਰਿਤੀ ਤੋਂ ਪਹਿਲਾਂ ਵੀ ਭਾਰਤ ਵਿਚ ਇਕ ਬਹੁਤ ਹੀ ਵਿਕਸਿਤ ਸਭਿਅਤਾ ਸੀ ਜਿਸ ਨੂੰ ਆਰੀਆਂ ਨੇ ਬਾਹਰੋਂ ਆ ਕੇ ਨੇਸਤੋ-ਨਾਬੂਦ ਕਰ ਦਿੱਤਾ ਸੀ। ਫਿਰ ਵੀ ਵੈਦਿਕ ਸਭਿਅਤਾ ਭਾਰਤੀ ਜੀਵਨ ਦੀ ਪ੍ਰਾਚੀਨ ਸਭਿਅਤਾ ਹੈ ਅਤੇ ਇਸ ਧਾਰਾ ਵਿਚ ਵੇਦਾਂ ਤੋਂ ਬਾਅਦ ਦੇ ਸਮੇਂ ਭਾਰਤ ਵਿਚ ਅਨੇਕਾਂ ਹੀ ਦਾਰਸ਼ਨਿਕ ਅਤੇ ਸਾਹਿਤ ਦੇ ਆਚਾਰਯ ਹੋਏ ਹਨ ਜਿਨ੍ਹਾਂ ਨੇ ਧੁਨੀ ਵਿਗਿਆਨ, ਤਾਰਾ ਵਿਗਿਆਨ ਅਤੇ ਬ੍ਰਹਿਮੰਡ ਦੇ ਹੋਰ ਅਨੇਕਾਂ ਰਹੱਸਾਂ ਨੂੰ ਆਪਣੇ ਚਿੰਤਨ ਦਾ ਵਿਸ਼ਾ ਬਣਾਇਆ ਅਤੇ ਅਨੇਕਾਂ ਸਿਧਾਂਤ ਖੋਜੇ। ਦੂਜੇ ਪਾਸੇ ਗ੍ਰੀਕ-ਦਾਰਸ਼ਨਿਕਾਂ ਦੀ ਪੂਰਨ ਰੂਪ ਵਿਚ ਸੁਤੰਤਰ ਚਿੰਤਨ-ਧਾਰਾ ਹੈ। ਜਿਸ ਵਿਚ ਹੇਰੇਕਲਾਈਟਿਸ, ਪਾਈਥਾਗੋਰਸ, ਸੁਕਰਾਤ, ਪਲੈਟੋ, ਅਰਸਤੂ ਆਦਿ ਅਜਿਹੀਆਂ ਸ਼ਖ਼ਸੀਅਤਾਂ ਹਨ ਜਿਨ੍ਹਾਂ ਦੇ ਦਾਰਸ਼ਨਿਕ ਸਿਧਾਂਤਾਂ ਨੇ ਸਾਰੀ ਦੁਨੀਆਂ ਨੂੰ ਪ੍ਰਭਾਵਿਤ ਕੀਤਾ ਹੈ। ਗ੍ਰੀਕ ਦਰਸ਼ਨ ਦਾ ਸਮਾਂ ਹੋ ਸਕਦਾ

ਹੈ ਓਨਾ ਪ੍ਰਾਚੀਨ ਨਾ ਹੋਵੇ ਜਿੰਨਾ ਭਾਰਤੀ ਦਰਸ਼ਨ ਦਾ ਸਮਾਂ ਪੁਰਾਣਾ ਹੈ ਪਰ ਫਿਰ ਵੀ ਇਹ ਨਿਰਵਿਵਾਦ ਹੈ ਕਿ ਗ੍ਰੀਕ ਦਰਸ਼ਨ ਅਤੇ ਉਸਦੇ ਫਿਲਾਸਫਰਾਂ ਨੇ ਦੁਨੀਆਂ ਦੇ ਸਾਰੇ ਦੇਸਾਂ ਦੇ ਦਰਸ਼ਨਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਅਵੱਸ਼ ਪ੍ਰਭਾਵਿਤ ਕੀਤਾ ਹੈ।

ਗ੍ਰੀਕ ਸਭਿਅਤਾ ਤਾਂ ਬਹੁਤ ਪੁਰਾਣੀ ਹੈ ਪਰ ਗ੍ਰੀਕ ਦਰਸ਼ਨ ਦੀ ਉਤਪਤੀ ਛੇਵੀਂ ਸਦੀ ਈਸਵੀ ਪੂਰਬ ਮੰਨੀ ਜਾਂਦੀ ਹੈ ਅਤੇ ਇਸ ਦੀ ਚੜ੍ਹਤ ਈਸਾ ਤੋਂ ਬਾਦ ਤੀਸਰੀ-ਚੌਥੀ ਸਦੀ ਤਕ ਬਰਕਰਾਰ ਰਹੀ ਹੈ। ਦਾਰਸ਼ਨਿਕ ਸਿਧਾਂਤਾਂ ਦੀ ਦ੍ਰਿਸ਼ਟੀ ਤੋਂ ਗ੍ਰੀਕ ਦਰਸ਼ਨ ਨੂੰ ਤਿੰਨ ਕਾਲਾਂ ਵਿਚ ਵੰਡਿਆ ਜਾ ਸਕਦਾ ਹੈ।

(1) **ਸੁਕਰਾਤ ਪੂਰਬ ਯੁਗ** : ਇਹ ਅਰੰਭ ਤੋਂ ਲੈ ਕੇ ਸੋਫਿਸਟ (Sophist) ਵਿਚਾਰਕਾਂ ਤੋਂ ਪਹਿਲਾਂ ਦਾ ਯੁਗ ਹੈ। ਇਹ ਤੱਤ ਸੰਬੰਧੀ ਜਗਿਆਸਾ ਦਾ ਯੁਗ ਹੈ। ਸੁਕਰਾਤ ਤੋਂ ਪਹਿਲੇ ਸੋਫਿਸਟਾਂ ਨੂੰ ਛੱਡ ਕੇ ਸਾਰੇ ਦਾਰਸ਼ਨਿਕਾਂ ਲਈ ਤੱਤ ਦਾ ਸਰੂਪ ਅਤੇ ਸੰਖਿਆ ਬੜਾ ਮਹੱਤਵਪੂਰਨ ਪ੍ਰਸ਼ਨ ਹੈ। ਤੱਤ ਸੰਬੰਧੀ ਉਨ੍ਹਾਂ ਦੇ ਵਿਚਾਰ ਵੀ ਆਮ ਤੌਰ ਤੇ ਭੌਤਿਕ ਹੀ ਹਨ।

(2) **ਸੁਕਰਾਤ ਯੁਗ** : ਇਹ ਯੁਗ ਪੰਜਵੀਂ ਸਦੀ ਈ. ਪੂਰਬ ਤੋਂ ਲੈ ਕੇ 322 ਈ. ਪੂਰਬ ਤਕ ਦਾ ਹੈ। ਇਸ ਯੁਗ ਵਿਚ ਸੁਕਰਾਤ, ਪਲੈਟੋ ਅਤੇ ਅਰਸਤੂ ਵਰਗੇ ਮਹਾਨ ਦਾਰਸ਼ਨਿਕ ਗ੍ਰੀਸ ਵਿਚ ਪੈਦਾ ਹੋਏ ਅਤੇ ਇਨ੍ਹਾਂ ਨੇ ਗਿਆਨ, ਨੀਤੀ ਅਤੇ ਸਾਹਿਤ ਬਾਰੇ ਆਪਣੇ ਮੌਲਿਕ ਵਿਚਾਰ ਲੋਕਾਂ ਸਾਹਮਣੇ ਰੱਖੇ। ਇਸ ਯੁਗ ਦਾ ਅਰੰਭ ਹੀ ਸੋਫਿਸਟ ਸੰਤਾਂ ਦੇ ਮਨੁੱਖੀ ਆਚਰਣ ਨਾਲ ਸੰਬੰਧਿਤ ਨਿਯਮਾਂ ਦੇ ਖੰਡਨ ਨਾਲ ਹੁੰਦਾ ਹੈ। ਸੁਕਰਾਤ ਵਰਗੇ ਦਾਰਸ਼ਨਿਕ ਸਾਹਮਣੇ ਮੁੱਖ ਸਮੱਸਿਆ ਹੀ ਇਹ ਸੀ ਕਿ ਮਨੁੱਖ ਲਈ ਉਪਯੋਗੀ ਅਤੇ ਸੁਖਾਵੇਂ ਨੈਤਿਕ ਨਿਯਮ ਖੋਜੇ ਜਾਣ ਅਤੇ ਉਸ ਨੇ ਇਹ ਕਾਰਜ ਬੜੀ ਲਗਨ ਅਤੇ ਸਿਦਕ ਨਾਲ ਜੀਵਨ ਦੇ ਅੰਤ ਤਕ ਕੀਤਾ। ਬਾਅਦ ਵਿਚ ਪਲੈਟੋ ਅਤੇ ਅਰਸਤੂ ਨੇ ਪ੍ਰਮਾਣ, ਤੱਤ ਅਤੇ ਨੀਤੀ ਸ਼ਾਸਤਰ ਸੰਬੰਧੀ ਪ੍ਰਸ਼ਨਾਂ ਤੇ ਹੋਰ ਵੀ ਗਹਿਰਾਈ ਨਾਲ ਆਪਣੇ ਵਿਚਾਰ ਪੇਸ਼ ਕੀਤੇ।

(3) **ਅਰਸਤੂ ਯੁਗ** : ਇਹ ਯੁਗ ਅਰਸਤੂ ਤੋਂ ਲੈ ਕੇ ਬਾਅਦ ਵਿਚ


www.punjabilibrary.com

529 ਈਸਵੀ ਤਕ ਜਾਂਦਾ ਹੈ। ਇਸ ਦੌਰਾਨ ਏਥਨਜ਼, ਅਲੈਕਜ਼ੈਂਡ੍ਰਿਆ ਅਤੇ ਰੋਮ ਦਾਰਸ਼ਨਿਕ ਵਿਚਾਰਾਂ ਦੇ ਮੁੱਖ ਕੇਂਦਰ ਸਨ। 529 ਈ. ਸੰਨ ਵਿਚ ਸਮਰਾਟ ਜਸਟੀਨਿਯਨ ਨੇ ਦਾਰਸ਼ਨਿਕਾਂ ਦੀ ਵਿਦਵਤ ਪਰੀਸ਼ਦ (ਅਕੈਡਮੀ) ਨੂੰ ਭੰਗ ਕਰ ਦਿਤਾ ਅਤੇ ਉਦੋਂ ਹੀ ਇਸ ਯੁਗ ਦਾ ਅੰਤ ਹੋ ਗਿਆ।

ਸੁਕਰਾਤ ਨੂੰ ਭਾਵੇਂ ਸਾਰੇ ਯੂਨਾਨੀ ਦਰਸ਼ਨ ਦਾ ਧੁਰਾ ਮੰਨਿਆ ਜਾਂਦਾ ਹੈ ਪਰ ਸੁਕਰਾਤ ਤੋਂ ਪਹਿਲਾਂ ਵੀ ਯੂਨਾਨ ਵਿਚ ਮਾਈਲੇਸ਼ਿਯਨ ਮਤ ਪ੍ਰਚਲਿਤ ਸੀ। ਇਸ ਮਤ ਦੀ ਸਥਾਪਨਾ ਈ. ਪੂ. 624 ਵਿਚ ਯੂਨਾਨ ਦੇ ਇਕ ਉਪਨਿਵੇਸ਼ ਮਾਈਲੇਟਸ਼ ਵਿਚ ਹੋਈ ਸੀ। ਇਸ ਮਤ ਦਾ ਇਕ ਹੋਰ ਨਾਂ ਆਯੋਨਿਕ ਮਤ (Ionic School) ਵੀ ਹੈ ਕਿਉਂਕਿ ਇਸ ਸੰਪ੍ਰਦਾਇ ਦੇ ਸਾਰੇ ਫਿਲਾਸਫਰ ਆਯੋਨਿਯਾ ਅਰਥਾਤ ਏਸ਼ੀਆ ਮਾਈਨਰ ਦੇ ਨਿਵਾਸੀ ਸਨ। ਇਸ ਮਤ ਵਿਚ ਤਿੰਨ ਫਿਲਾਸਫਰ ਹੋਏ ਹਨ—ਥੇਲੀਜ਼ (Thales), ਅਨੇਕਜ਼ਮੇਂਡਰ ਅਤੇ ਅਨੇਕਜ਼ੀਮੇਨੀਜ਼। ਇਨ੍ਹਾਂ ਤੋਂ ਇਲਾਵਾ ਸੁਕਰਾਤ ਤੋਂ ਕਾਫ਼ੀ ਪਹਿਲਾਂ ਯੂਨਾਨ ਵਿਚ ਹੋਰ ਵੀ ਕਈ ਪ੍ਰਸਿੱਧ ਫਿਲਾਸਫਰ ਹੋਏ ਹਨ ਜਿਨ੍ਹਾਂ ਵਿਚੋਂ ਕੁਝ ਇਕ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

(1) **ਥੇਲੀਜ਼** (624 ਈ.ਪੂ.—546 ਈ.ਪੂ.)—ਇਸ ਦਾ ਜਨਮ ਗ੍ਰੀਸ ਦੀ ਇਕ ਬਸਤੀ ਮਾਈਲੇਟਸ਼ ਵਿਚ ਹੋਇਆ। ਇਹ ਰਾਜਨੀਤੀਵਾਨ, ਗਣਿਤ ਸ਼ਾਸਤ੍ਰੀ ਅਤੇ ਜੋਤਸ਼ੀ ਵੀ ਸੀ। ਅੱਜ ਵੀ ਇਸ ਨੂੰ ਗ੍ਰੀਸ ਦੇ ਸਤ ਬੁਧੀਮਾਨ ਵਿਅਕਤੀਆਂ ਵਿਚ ਗਿਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਥੇਲੀਜ਼ ਨੇ 28 ਮਈ 585 ਈ.ਪੂਰਬ ਨੂੰ ਲਗਣ ਵਾਲੇ ਸੂਰਜ ਗ੍ਰਹਿਣ ਦੀ ਭਵਿੱਖਬਾਣੀ ਕੀਤੀ ਸੀ। ਮਿਸਰ ਦੀ ਰੇਖਾ ਗਣਿਤ ਪ੍ਰਣਾਲੀ ਦਾ ਗ੍ਰੀਸ ਵਿਚ ਸਭ ਤੋਂ ਪਹਿਲਾਂ ਇਸ ਨੇ ਪ੍ਰਚਾਰ ਕੀਤਾ। ਰੇਖਾ ਗਣਿਤ ਦੀ ਇਕ ਥਿਊਰਮ ਦਾ ਇਸ ਨੂੰ ਵਿਸ਼ੇਸ਼ ਗਿਆਨ ਸੀ ਜਿਸ ਰਾਹੀਂ ਇਸ ਨੇ ਸਿੱਧ ਕੀਤਾ ਸੀ ਕਿ ਜੇਕਰ ਇਕ ਤ੍ਰਿਭੁਜ ਦੇ ਦੋ ਕੋਣ ਦੂਜੇ ਤ੍ਰਿਭੁਜ ਦੇ ਦੋਹਾਂ ਕੋਣਾਂ ਨਾਲ ਵਖਰੇ ਵਖਰੇ ਰੂਪ ਵਿਚ ਬਰਾਬਰ ਹੋਣ ਅਤੇ ਇਕ ਦੀ ਭੁਜਾ ਦੂਜੇ ਦੀ ਉਸੇ ਭੁਜਾ ਦੇ ਬਰਾਬਰ ਹੋਵੇ ਤਾਂ ਦੋਵੇਂ ਤ੍ਰਿਭੁਜ ਸਭ ਤਰ੍ਹਾਂ ਸਮਾਨ ਹੋਣਗੇ। ਕਿਹਾ ਜਾਂਦਾ ਹੈ ਇਸ ਥਿਊਰਮ ਰਾਹੀਂ ਥੇਲੀਜ਼ ਦੋ ਪਾਣੀ ਦੇ ਜਹਾਜ਼ਾਂ ਦੇ ਵਿਚ ਦੀ ਦੂਰੀ ਦਾ ਪਤਾ ਲਾ ਲੈਂਦਾ ਸੀ। ਥੇਲੀਜ਼ ਨੇ ਆਪਣੇ ਫਲਸਫੇ ਬਾਰੇ ਭਾਵੇਂ

ਲਿਖਿਆ ਕੁਝ ਨਹੀਂ ਪਰ ਅਰਸਤੂ ਦੇ ਲੇਖਾਂ ਰਾਹੀਂ ਸਾਨੂੰ ਥੇਲੀਜ਼ ਦੇ ਦਾਰਸ਼ਨਿਕ ਵਿਚਾਰਾਂ ਦਾ ਪਤਾ ਲਗਦਾ ਹੈ। ਥੇਲੀਜ਼ ਅਨੁਸਾਰ ਸੰਸਾਰ ਦਾ ਪਰਮ ਪਦਾਰਥ ਜਲ ਹੈ, ਜਿਸ ਤੋਂ ਸ੍ਰਿਸ਼ਟੀ ਦੀ ਉਤਪਤੀ, ਸਥਿਤੀ ਅਤੇ ਵਿਨਾਸ਼ ਹੁੰਦਾ ਹੈ। ਜਲ ਹੀ ਭਾਫ਼ ਅਤੇ ਬੂੰਦ ਰੂਪ ਹੋ ਕੇ ਸਭ ਨੂੰ ਜੀਵਨ ਪ੍ਰਦਾਨ ਕਰਦਾ ਹੈ। ਸੰਸਾਰ ਦੇ ਸਾਰੇ ਪਦਾਰਥ ਜਲ ਦੇ ਰੂਪਾਂਤਰਣ ਹੀ ਹਨ। ਪ੍ਰਿਥਵੀ ਜਲ ਉਤੇ ਗੋਲਾਕਾਰ ਤਸ਼ਤਰੀ ਦੇ ਸਮਾਨ ਤੈਰ ਰਹੀ ਹੈ। ਜਲ ਹੀ ਸੰਸਾਰ ਦਾ ਪਦਾਰਥਕ ਕਾਰਨ ਹੈ। ਸਾਰੀਆਂ ਵਸਤਾਂ ਦਿੱਬ ਸਰੂਪ ਹਨ। ਚੁੰਬਕ ਜੀਵੰਤ ਹੈ ਇਸ ਲਈ ਇਹ ਲੋਹੇ ਨੂੰ ਆਪਣੇ ਵਲ ਖਿੱਚ ਲੈਂਦਾ ਹੈ।

(2) **ਅਨੇਕਜ਼ਮੇਂਡਰ** (611 ਈ.ਪੂ.-544 ਈ.ਪੂ.) ਦਾ ਜਨਮ ਮਾਈਲੇਟਸ਼ ਵਿਚ ਹੋਇਆ ਸੀ। ਇਹ ਥੇਲੀਜ਼ ਦਾ ਮਿੱਤਰ ਅਤੇ ਚੇਲਾ ਸੀ। ਆਪਣੇ ਗੁਰੂ ਵਾਂਗ ਇਹ ਵੀ ਇਕ ਪ੍ਰਤਿਭਾਵਾਨ ਵਿਅਕਤੀ ਸੀ ਅਤੇ ਫਿਲਾਸਫੀ, ਜੋਤਿਸ਼ ਅਤੇ ਭੂਗੋਲ ਦਾ ਵਿਦਵਾਨ ਸੀ। ਕੁਦਰਤ ਉਤੇ ਲਿਖਿਆ ਇਸ ਦਾ ਨਿਬੰਧ (On Nature) ਯੌਰਪੀ ਦਾਰਸ਼ਨਿਕ ਸਾਹਿਤ ਦੀ ਪਹਿਲੀ ਕਿਰਤ ਮੰਨਿਆ ਜਾਂਦਾ ਹੈ। ਬਦਕਿਸਮਤੀ ਨਾਲ ਇਸ ਨਿਬੰਧ ਦੇ ਥੋੜ੍ਹੇ ਜਿਹੇ ਅੰਸ਼ ਹੀ ਅਜੇ ਪ੍ਰਾਪਤ ਹੋ ਸਕੇ ਹਨ। ਸਭ ਤੋਂ ਪਹਿਲਾਂ ਇਸ ਨੇ ਹੀ ਨਕਸ਼ੇ ਦਾ ਨਿਰਮਾਣ ਕੀਤਾ ਜਿਸ ਨੂੰ ਮਾਈਲੇਸ਼ਿਯਨ ਲੋਗ ਕਾਲਾ ਸਾਗਰ ਵਿਚ ਦੂਰ ਦੁਰਾਡੇ ਜਾਣ ਲਈ ਵਰਤਿਆ ਕਰਦੇ ਸਨ। ਅਨੇਕਜ਼ਮੇਂਡਰ ਪਹਿਲਾ ਅਜਿਹਾ ਫਿਲਾਸਫਰ ਸੀ ਜਿਸ ਨੇ ਵਿਕਾਸਵਾਦ ਦੀ ਗੱਲ ਕੀਤੀ ਹੈ। ਸੰਸਾਰ ਸਦੀਆਂ ਦੇ ਵਿਕਾਸ ਦਾ ਨਤੀਜਾ ਹੈ ਅਤੇ ਸੰਸਾਰ ਦੇ ਸਾਰੇ ਪਦਾਰਥ ਇਕ ਹੀ ਅਨੰਤ ਤੱਤ ਦੇ ਵਿਕਾਸ ਦੇ ਫਲ ਹਨ। ਬੇਸ਼ਕ ਅਨੇਕਜ਼ਮੇਂਡਰ ਦਾ ਵਿਕਾਸਵਾਦੀ ਦ੍ਰਿਸ਼ਟੀਕੋਣ ਇਕ ਮਹੱਤਵਪੂਰਨ ਦੇਣ ਹੈ ਪਰ ਉਹ ਵਿਕਾਸ ਦੀ ਠੀਕ ਠੀਕ ਵਿਆਖਿਆ ਕਰਨ ਤੋਂ ਅਸਮਰੱਥ ਹੈ ਅਤੇ ਉਸ ਦੀ ਵਿਆਖਿਆ ਤਾਰਕਿਕ ਨਾ ਹੋ ਕੇ ਕਾਲਪਨਿਕ ਜਿਹੀ ਲਗਦੀ ਹੈ। ਅਨੇਕਜ਼ਮੇਂਡਰ ਦੇ ਅਨੁਸਾਰ ਅਰੰਭ ਵਿਚ ਇਕ ਹੀ ਅਦੁੱਤੀ, ਅਨੰਤ ਅਤੇ ਅਵੰਡ ਪਰਮ ਤੱਤ ਸੀ। ਫਿਰ ਏਸੇ ਤੱਤ ਨੇ ਆਪਣੇ ਆਪ ਨੂੰ ਗਰਮ ਅਤੇ ਠੰਢੇ ਦੋ ਹਿੱਸਿਆਂ ਵਿਚ ਵੰਡਿਆ। ਠੰਢੇ ਭਾਗ ਤੋਂ ਪ੍ਰਿਥਵੀ ਬਣੀ ਅਤੇ ਗਰਮ ਹਿੱਸਾ ਪ੍ਰਿਥਵੀ ਦੇ ਆਲੇ ਦੁਆਲੇ ਘੁੰਮਣ ਲੱਗਾ। ਪ੍ਰਿਥਵੀ ਪਹਿਲਾਂ ਤਰਲ

ਰੂਪ ਵਿਚ ਸੀ। ਕਾਲੰਤਰ ਵਿਚ ਇਸਦੀ ਤਰਲਤਾ ਚਾਰੇ ਪਾਸਿਆਂ ਦੀ ਅੱਗ ਦੇ ਕਾਰਨ ਭਾਫ਼ ਬਣ ਗਈ। ਏਸੇ ਤੋਂ ਹਵਾ ਦਾ ਨਿਰਮਾਣ ਹੋਇਆ। ਏਸੇ ਭਾਫ਼ ਤੋਂ ਗੋਲਾਕਾਰ ਗ੍ਰਹਿ ਅਤੇ ਨਛੱਤਰਾਂ ਦੀ ਰਚਨਾ ਹੋਈ ਜਿਹੜੇ ਪ੍ਰਿਥਵੀ ਦੇ ਆਲੇ ਦੁਆਲੇ ਮੌਜੂਦ ਹਨ। ਪ੍ਰਾਣੀਆਂ ਦੇ ਸੰਬੰਧ ਵਿਚ ਅਨੇਕਜ਼ਮੇਂਡਰ ਦੀ ਧਾਰਨਾ ਸੀ ਕਿ ਪ੍ਰਿਥਵੀ ਦੀ ਤਰਲਤਾ ਜਦੋਂ ਭਾਫ਼ ਦੇ ਕਾਰਨ ਸੁਕਣ ਲਗੀ ਤਾਂ ਪ੍ਰਾਣੀਆਂ ਦਾ ਜਨਮ ਹੋਇਆ। ਪ੍ਰਾਣੀਆਂ ਦਾ ਰਚਨਹਾਰ ਕੋਈ ਨਹੀਂ ਹੈ। ਵਿਕਾਸ ਕ੍ਰਮ ਦੇ ਕਾਰਨ ਹੀ ਸਾਰੇ ਪ੍ਰਾਣੀ ਹੋਂਦ ਵਿਚ ਆ ਗਏ। ਪਹਿਲਾਂ ਹੇਠਲੇ ਦਰਜੇ ਦੇ ਜੀਵ ਬਣੇ ਅਤੇ ਉਸ ਤੋਂ ਬਾਅਦ ਉਚੇਰੇ ਦਰਜੇ ਦੇ ਪ੍ਰਾਣੀ ਉਤਪੰਨ ਹੋਏ। ਅਨੇਕਜ਼ਮੇਂਡਰ ਦੇ ਅਨੁਸਾਰ ਅਰੰਭ ਦਾ ਮਨੁੱਖ ਮੱਛੀ ਦੇ ਸਮਾਨ ਸੀ। ਇਸ ਵਿਚ ਸ਼ੱਕ ਨਹੀਂ ਕਿ ਅਨੇਕਜ਼ਮੇਂਡਰ ਨੇ ਵਿਕਾਸਵਾਦ ਦਾ ਬੀਜ ਬੀਜਿਆ ਹੈ ਪਰੰਤੂ ਉਸ ਦੇ ਅਨੁਸਾਰ ਜੀਵਾਂ ਦਾ ਆਗਮਨ ਅਚਨਚੇਤੀ ਹੈ ਅਤੇ ਉਨ੍ਹਾਂ ਦੇ ਵਿਕਾਸ ਦਾ ਕੋਈ ਵੀ ਪ੍ਰਯੋਜਨ ਨਹੀਂ ਹੈ।

(3) **ਅਨੇਕਜ਼ੀਮੇਨੀਜ਼** (588 ਈ.ਪੂ.-524 ਈ.ਪੂ.) ਦਾ ਜਨਮ ਵੀ ਮਾਈਲੇਟਸ਼ ਵਿਚ ਹੋਇਆ ਅਤੇ ਇਹ ਅਨੇਕਜ਼ਮੇਂਡਰ ਦਾ ਚੇਲਾ ਅਤੇ ਸਹਿਯੋਗੀ ਸੀ। ਇਸ ਨੇ ਵਾਯੂ ਨੂੰ ਵਿਸ਼ਵ ਦਾ ਮੂਲ ਪਦਾਰਥ ਮੰਨਿਆ ਹੈ। ਵਾਯੂ ਹੀ ਸਰੀਰਧਾਰੀ ਮਨੁੱਖ ਦਾ ਪ੍ਰਾਣ ਹੈ। ਵਾਯੂ ਹੀ ਅਗਨੀ ਦਾ ਰੂਪ ਲੈ ਲੈਂਦੀ ਹੈ ਅਤੇ ਤਰਲ ਹੋ ਕੇ ਜਲ ਦਾ ਰੂਪ ਧਾਰਨ ਕਰ ਲੈਂਦੀ ਹੈ ਅਤੇ ਇਹੀ ਜੰਮ ਕੇ ਪ੍ਰਿਥਵੀ ਰੂਪ ਹੋ ਜਾਂਦੀ ਹੈ। ਵਾਯੂ ਹੀ ਅਸੀਂ ਸਾਹ ਦੁਆਰਾ ਅੰਦਰ ਲੈਂਦੇ ਹਾਂ ਅਤੇ ਇਹੀ ਪਵਨ ਬਣ ਕੇ ਸਾਰੀਆਂ ਦਿਸ਼ਾਵਾਂ ਵਿਚ ਵਿਆਪਤ ਹੈ। ਸਾਰੇਂ ਪ੍ਰਾਣੀਆਂ ਦਾ ਆਧਾਰ ਵਾਯੂ ਹੀ ਹੈ। ਇਹ ਇਕ ਹਕੀਕਤ ਹੈ ਕਿ ਵਾਯੂ ਸਾਡੇ ਲਈ ਬਹੁਤ ਉਪਯੋਗੀ ਹੈ ਅਤੇ ਕਿਸੇ ਹੱਦ ਤਕ ਜੀਵ-ਜਗਤ ਦਾ ਆਧਾਰ ਵੀ ਹੈ ਪਰੰਤੂ ਵਾਯੂ ਤੋਂ ਸ੍ਰਿਸ਼ਟੀ ਰਚਨਾ ਦੀ ਵਿਆਖਿਆ ਕਰਨ ਵਿਚ ਅਨੇਕਜ਼ੀਮੇਨੀਜ਼ ਵੀ ਆਪਣੇ ਤੋਂ ਪੂਰਬਲੇ ਫਿਲਾਸਫਰਾਂ ਦੀ ਤਰ੍ਹਾਂ ਅਸਫਲ ਹੀ ਰਿਹਾ।

(4) **ਪਾਈਥਾਗੋਰਸ** (570 ਈ.ਪੂ.-490 ਈ.ਪੂ.) ਦਾ ਜਨਮ ਸੇਮਾਸ ਨਾਮਕ ਸਥਾਨ ਤੇ ਹੋਇਆ ਅਤੇ ਬਾਅਦ ਵਿਚ ਇਹ ਦੱਖਣੀ ਇਟਲੀ ਦੀ ਇਕ ਬਸਤੀ ਕਰੋਟੋਨਾ ਵਿਚ ਜਾ ਕੇ ਵਸ ਗਿਆ ਸੀ। ਏਥੇ ਹੀ ਇਸ ਨੇ

ਪਾਈਥਾਗੋਰਸ ਸਮਾਜ ਦੀ ਸਥਾਪਨਾ ਕੀਤੀ ਅਤੇ ਆਪਣੇ ਦਾਰਸ਼ਨਿਕ ਚਿੰਤਨ ਦਾ ਪ੍ਰਚਾਰ ਕਰਦਾ ਰਿਹਾ। ਪਾਈਥਾਗੋਰਸ ਗਣਿਤ ਸ਼ਾਸਤ੍ਰੀ ਫਿਲਾਸਫਰ ਸੀ ਅਤੇ ਇਸ ਨੂੰ ਰੇਖਾ ਗਣਿਤ ਦਾ ਮੋਢੀ ਮੰਨਿਆ ਜਾਂਦਾ ਹੈ। ਰੇਖਾ ਗਣਿਤ ਦੀ ਪਾਈਥਾਗੋਰਸ ਦੀ ਇਕ ਥਿਊਰਮ ਪ੍ਰਸਿੱਧ ਹੈ ਜਿਸ ਵਿਚ ਉਸ ਨੇ ਸਿੱਧ ਕੀਤਾ ਸੀ ਕਿ ਸਮਕੋਣ ਤ੍ਰਿਭੁਜ ਬਣਾਉਣ ਵਾਲੀਆਂ ਭੁਜਾਵਾਂ ਉਤੇ ਬਣੇ ਵਰਗਾਂ ਦਾ ਖੇਤਰਫਲ ਸਾਹਮਣੇ ਵਾਲੀ (ਕਰਣ) ਭੁਜਾ ਉਤੇ ਬਣੇ ਵਰਗ ਦੇ ਖੇਤਰਫਲ ਦੇ ਬਰਾਬਰ ਹੋਵੇਗਾ। ਇਸ ਨੇ ਹੀ ਸਭ ਤੋਂ ਪਹਿਲਾਂ ਦਸਿਆ ਕਿ ਸੰਸਾਰ ਦੇ ਸਾਰੇ ਪਦਾਰਥ ਸੰਖਿਆ-ਮਾਤਰ ਹਨ। ਪਾਈਥਾਗੋਰਸ ਨੇ ਬ੍ਰਹਿਮੰਡ ਦਾ ਮੂਲ ਕਾਰਣ ਸੰਖਿਆ ਮੰਨਿਆ ਹੈ। ਪਦਾਰਥਾਂ ਦੀ ਵਿਵਸਥਾ ਅਤੇ ਅਨੁਪਾਤ ਆਦਿ ਵਿਚ ਸੰਖਿਆ ਦਾ ਭਾਵ ਹੀ ਵਿਦਮਾਨ ਹੈ। ਦਰਅਸਲ ਸੰਖਿਆ ਦੇ ਬਿਨਾ ਕਿਸੇ ਵਸਤੂ ਦੀ ਜਾਣਕਾਰੀ ਅਸੰਭਵ ਹੈ। ਜੇਕਰ ਕਿਸੇ ਵਸਤੂ ਵਿਚ ਮਾਤਰਾ, ਅਨੁਪਾਤ ਆਦਿ ਨਾ ਹੋਣ ਤਾਂ ਅਸੀਂ ਉਸ ਵਸਤੂ ਬਾਰੇ ਕੁਝ ਵੀ ਨਹੀਂ ਕਹਿ ਸਕਦੇ। ਕਿਸੇ ਹੱਦ ਤਕ ਸੰਖਿਆ ਤੋਂ ਹੀ ਉਸ ਦਾ ਸਰੂਪ ਨਿਰਧਾਰਿਤ ਹੁੰਦਾ ਹੈ। ਇਸ ਲਈ ਸੰਖਿਆ ਸਿਧਾਂਤ ਹੀ ਵਿਸ਼ਵ ਦਾ ਮੂਲ ਹੈ, ਮੌਲਿਕ ਸੰਖਿਆ ਇਕਾਈ ਹੈ ਅਤੇ ਇਸਦੇ ਹੀ ਵਖਰੇ ਵਖਰੇ ਅਨੁਪਾਤਾਂ ਨਾਲ ਵਖਰੀਆਂ ਵਖਰੀਆਂ ਸੰਖਿਆਵਾਂ ਦੀ ਸ੍ਰਿਸ਼ਟੀ ਹੁੰਦੀ ਹੈ। ਪਾਈਥਾਗੋਰਸ ਸੁੰਨ ਅਥਵਾ ਸਿਫ਼ਰ ਦੀ ਰਚਨਾ ਵੀ ਇਕਾਈ ਤੋਂ ਹੀ ਮੰਨਦਾ ਹੈ।

(5) **ਜ਼ੇਨੋਫ਼ੇਨੀਜ਼** (570 ਈ.ਪੂ.-480 ਈ.ਪੂ.)—ਦੱਖਣੀ ਇਟਲੀ ਦੇ ਇਲਿਆ ਨਾਮਕ ਨਗਰ ਦੇ ਦਾਰਸ਼ਨਿਕਾਂ ਨੇ ਇਲਿਆਈ ਸੰਪ੍ਰਦਾਇ ਦੀ ਸਥਾਪਨਾ ਕੀਤੀ ਜਿਸ ਵਿਚ ਜ਼ੇਨੋਫ਼ੇਨੀਜ਼, ਪਾਰਮੇਨਾਈਡੀਜ਼ ਅਤੇ ਮੇਲਿਸਸ ਪ੍ਰਸਿੱਧ ਦਾਰਸ਼ਨਿਕ ਹੋਏ ਹਨ। ਜ਼ੇਨੋਫ਼ੇਨੀਜ਼ ਇਲਿਆਈ ਦਰਸ਼ਨ ਦਾ ਸੰਸਥਾਪਕ ਮੰਨਿਆ ਜਾਂਦਾ ਹੈ। ਦਰਅਸਲ ਪ੍ਰੀਤੀ ਭੋਜਾਂ ਦੇ ਖ਼ਾਸ ਮੌਕਿਆਂ ਤੇ ਇਹ ਕਵਿਤਾ ਸੁਣਾਉਂਦਾ ਹੁੰਦਾ ਸੀ ਅਤੇ ਇਸ ਦੀ ਕਵਿਤਾ ਦਾਰਸ਼ਨਿਕ ਭਾਵਾਂ ਵਾਲੀ ਹੋਇਆ ਕਰਦੀ ਸੀ। ਜ਼ੇਨੋਫ਼ੇਨੀਜ਼ ਇਕ ਈਸ਼ਵਰਵਾਦੀ ਸੀ ਅਤੇ ਈਸ਼ਵਰ ਨੂੰ ਨਿਰਾਕਾਰ ਅਤੇ ਅੰਤਰਯਾਮੀ ਮੰਨਦਾ ਸੀ। ਇਹ ਮਨੁੱਖ ਦੁਆਰਾ ਕਲਪਿਤ ਈਸ਼ਵਰ ਦਾ ਘੋਰ ਵਿਰੋਧੀ ਸੀ ਕਿਉਂਕਿ ਉਨ੍ਹਾਂ ਦਿਨਾਂ

ਵਿਚ ਲੋਕ ਦੇਵਤਿਆਂ ਦੀ ਕਲਪਨਾ ਮਨੁੱਖੀ ਰੂਪਾਂ ਵਿਚ ਕਰਦੇ ਹੁੰਦੇ ਸਨ ਅਤੇ ਦੇਵਤਿਆਂ ਦੇ ਨਿਜੀ ਜੀਵਨ ਨਾਲ ਅਨੇਕਾਂ ਵਿਭਚਾਰਪੂਰਨ ਕਹਾਣੀਆਂ ਵੀ ਪ੍ਰਚਲਿਤ ਸਨ। ਮਨੁੱਖੀ ਕਲਪਨਾ ਤੋਂ ਉਤਪੰਨ ਦੇਵਤਿਆਂ ਦੇ ਸੰਬੰਧ ਵਿਚ ਉਸ ਦਾ ਇਕ ਕਥਨ ਪ੍ਰਸਿੱਧ ਹੈ ਕਿ "ਮਨੁੱਖ ਸੋਚਦੇ ਹਨ ਕਿ ਰੱਬ ਉਨ੍ਹਾਂ ਦੀ ਤਰ੍ਹਾਂ ਪੈਦਾ ਹੁੰਦਾ ਹੈ, ਉਸਦਾ ਸਰੂਪ ਵੀ ਮਨੁੱਖ ਦੇ ਸਮਾਨ ਹੀ ਹੈ। ਠੀਕ ਹੈ, ਜੇਕਰ ਬੌਲਦਾਂ, ਘੋੜਿਆਂ ਅਤੇ ਸ਼ੇਰਾਂ ਦੇ ਹੱਥ ਮਨੁੱਖ ਦੇ ਸਮਾਨ ਹੁੰਦੇ ਅਤੇ ਉਹ ਉਨ੍ਹਾਂ ਹੱਥਾਂ ਨਾਲ ਚਿੱਤਰ ਬਣਾ ਸਕਦੇ ਹੁੰਦੇ ਤਾਂ ਉਹ ਵੀ ਰੱਬ ਨੂੰ ਬੌਲਦ, ਘੋੜੇ ਅਤੇ ਸ਼ੇਰ ਦੇ ਰੂਪ ਵਿਚ ਹੀ ਚਿਤਰਿਤ ਕਰਦੇ।" ਇਸ ਤਰ੍ਹਾਂ ਜ਼ੇਨੋਫ਼ੇਨੀਜ਼ ਦੇ ਅਨੁਸਾਰ ਪਰਮਾਤਮਾ ਨਿੱਤ, ਨਿਰਾਕਾਰ ਅਤੇ ਅਬਦਲ ਹੈ।

(6) **ਪਾਰਮੇਨਾਈਡੀਜ਼** (540 ਈ.ਪੂ.-470 ਈ.ਪੂ.) ਵੀ ਦੱਖਣੀ ਇਲਿਆ ਦਾ ਨਿਵਾਸੀ ਸੀ ਅਤੇ ਪਹਿਲਾਂ ਪਾਈਥਾਗੋਰਸ ਦਾ ਅਨੁਆਈ ਸੀ ਪਰ. ਬਾਅਦ ਵਿਚ ਜ਼ੇਨੋਫ਼ੇਨੀਜ਼ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਪਾਰਮੇਨਾਈਡੀਜ਼ ਆਪਣੇ ਤੱਤ ਸੰਬੰਧੀ ਵਿਚਾਰਾਂ ਲਈ ਗ੍ਰੀਕ ਦਰਸ਼ਨ ਵਿਚ ਸਭ ਤੋਂ ਵਧ ਪ੍ਰਸਿੱਧ ਹੈ। ਇਹ ਪਹਿਲਾ ਫਿਲਾਸਫਰ ਸੀ ਜਿਸ ਨੇ ਆਪਣੀ ਤੱਤ ਸੰਬੰਧੀ ਧਾਰਨਾ ਨੂੰ ਤਰਕ ਨਾਲ ਸਿੱਧ ਕੀਤਾ। ਇਸ ਲਈ ਤਰਕ ਸਿੱਧ ਤੱਤ ਦੀ ਸਥਾਪਨਾ ਨੂੰ ਇਸ ਦੀ ਦੇਣ ਕਿਹਾ ਜਾਂਦਾ ਹੈ। ਪਾਰਮੇਨਾਈਡੀਜ਼ ਨੇ ਆਪਣੇ ਦਾਰਸ਼ਨਿਕ ਸਿਧਾਂਤਾਂ ਦੀ ਵਿਆਖਿਆ ਛੰਦਾਂ ਵਿਚ ਕੀਤੀ ਹੈ, ਇਸ ਲਈ ਇਸ ਦੀ ਦਾਰਸ਼ਨਿਕ ਕਵਿਤਾ ਪ੍ਰਸਿੱਧ ਹੈ। ਇਹ ਆਪਣੀ ਕਵਿਤਾ ਵਿਚ ਲਿਖਦਾ ਹੈ ਕਿ ਇਹ ਸਵਰਗ ਪੁਜਦਾ ਸੀ ਅਤੇ ਉਥੇ ਇਕ ਦੇਵੀ ਇਸ ਨੂੰ ਸਤਿ ਦੇ ਦਰਸ਼ਨ ਕਰਵਾਉਂਦੀ ਸੀ।

ਸਤਿ ਅਤੇ ਅਸਤਿ ਦਾ ਭੇਦ ਪਾਰਮੇਨਾਈਡੀਜ਼ ਦੇ ਫਲਸਫ਼ੇ ਦੀ ਵੱਡੀ ਦੇਣ ਹੈ। ਪਾਰਮੇਨਾਈਡੀਜ਼ ਨੇ ਅਨੁਸਾਰ ਸਤਿ ਬੁੱਧੀ ਦਾ ਵਿਸ਼ਾ ਹੈ ਇੰਦ੍ਰੀਆਂ ਦਾ ਨਹੀਂ। ਇੰਦ੍ਰੀਆਂ ਰਾਹੀਂ ਤਾਂ ਸਾਨੂੰ ਅਸਤਿ ਦਾ ਗਿਆਨ ਹੁੰਦਾ ਹੈ। ਇਹ ਅਸਤਿ ਮਿਥਿਆ ਦਾ ਆਭਾਸ ਮਾਤਰ ਹੈ। ਇਸ ਲਈ ਸਤਿ ਅਤੇ ਅਸਤਿ ਦੀ ਪ੍ਰਾਪਤੀ ਦੇ ਸਾਧਨ ਵੀ ਵਖੋ ਵਖ ਹਨ। ਏਥੇ ਸਾਨੂੰ ਇੰਦ੍ਰਿਆਵੀ ਗਿਆਨ ਅਤੇ ਬੌਧਿਕ ਗਿਆਨ ਵਿਚ ਸਪੱਸ਼ਟ ਭੇਦ ਵਿਖਾਈ ਪੈਂਦਾ ਹੈ। ਅੱਗੇ ਚੱਲ



www.punjabilibrary.com

ਕੇ ਇਨ੍ਹਾਂ ਦੋਹਾਂ ਦਾ ਇਹੀ ਭੇਦ ਸਾਰੇ ਪੱਛਮੀ ਫਲਸਫੇ ਦਾ ਇਕ ਮਹੱਤਵਪੂਰਨ ਭਾਗ ਬਣ ਗਿਆ ਹੈ। ਪਲੈਟੋ, ਕਾਂਟ ਅਤੇ ਹੀਗਲ ਦੇ ਫਲਸਫੇ ਵਿਚ ਇਸ ਉਤੇ ਕਾਫ਼ੀ ਵਿਚਾਰ ਕੀਤਾ ਗਿਆ ਹੈ। ਹੀਗਲ ਨੇ ਤਾਂ ਸਪੱਸ਼ਟ ਰੂਪ ਵਿਚ ਸਤਿ ਨੂੰ ਸ਼ੁੱਧ ਬੌਧਿਕ ਦਸਿਆ ਹੈ।

(7) **ਜ਼ੇਨੋ** (530 ਈ.ਪੂ.-490 ਈ.ਪੂ.) ਇਲਿਆ ਦਾ ਨਿਵਾਸੀ ਸੀ ਅਤੇ ਇਸ ਨੂੰ ਇਲਿਆਈ ਸੰਪ੍ਰਦਾਇ ਦਾ ਆਖ਼ਰੀ ਫਿਲਾਸਫਰ ਕਿਹਾ ਜਾ ਸਕਦਾ ਹੈ। ਇਹ ਪਾਰਮੇਨਾਈਡੀਜ਼ ਦਾ ਪੱਕਾ ਭਗਤ ਸੀ ਅਤੇ ਇਸਦੇ ਨਿਸ਼ੇਧਾਤਮਕ ਤਰਕ ਬੜੇ ਪ੍ਰਸਿਧ ਹਨ। ਜ਼ੇਨੋ ਨੂੰ ਪੱਛਮੀ ਫਲਸਫੇ ਦੇ ਦਵੰਦਾਤਮਕ (dialectical) ਤਰਕ ਦਾ ਜਨਮ-ਦਾਤਾ ਵੀ ਮੰਨਿਆ ਜਾਂਦਾ ਹੈ। ਜ਼ੇਨੋ ਦੀਆਂ ਕਿਰਤਾਂ ਵਿਚ ਐਮਪੀਡੋਕਲੀਜ਼ ਦੀ ਵਿਆਖਿਆ (Interpretation of Empedocles), ਵਿਵਾਦ (Disputation) ਅਤੇ ਪ੍ਰਕ੍ਰਿਤੀ ਉਤੇ ਨਿਬੰਧ (Treatise on Nature) ਆਦਿ ਪ੍ਰਸਿੱਧ ਹਨ। ਜ਼ੇਨੋ ਦੇ ਦਰਸ਼ਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਸ ਦੀ ਨਿਸ਼ੇਧਾਤਮਕ ਤਰਕ ਪ੍ਰਣਾਲੀ ਹੈ। ਜ਼ੇਨੋ ਦੇ ਅਨੁਸਾਰ ਕੋਈ ਵਸਤੂ ਦੋ ਸਥਾਨਾਂ ਤੇ ਨਹੀਂ ਹੋ ਸਕਦੀ। ਜੇਕਰ ਕੋਈ ਤੀਰ ਛੱਡਿਆ ਜਾਏ ਤਾਂ ਉਹ ਹਮੇਸ਼ਾ ਇਕੋ ਥਾਂ ਤੇ ਹੀ ਰਹੇਗਾ। ਇਕ ਥਾਂ ਤੇ ਰਹਿਣ ਦਾ ਅਰਥ ਸਥਿਰ ਰਹਿਣਾ ਹੈ, ਚੱਲਣਾ ਨਹੀਂ। ਇਸ ਲਈ ਉਹ ਤੀਰ ਹਰ ਛਿਨ ਜਿਥੇ ਜਾਏਗਾ ਸਥਿਰ ਹੀ ਰਹੇਗਾ। ਉਹ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਸਥਿਰ ਹੀ ਹੈ। ਇਸ ਤਰ੍ਹਾਂ ਗਤੀ ਦਾ ਨਾ ਤਾਂ ਅਰੰਭ ਹੈ ਅਤੇ ਨਾ ਹੀ ਅੰਤ। ਇਸ ਲਈ ਗਤੀ ਅਸੰਭਵ ਹੈ। ਜ਼ੇਨੋ ਦੇ ਸਾਰੇ ਨਿਸ਼ੇਧਾਤਮਕ ਤਰਕਾਂ ਦਾ ਸਾਰਾਂਸ਼ ਹੈ—ਪਾਰਮੇਨਾਈਡੀਜ਼ ਦਾ ਮੰਡਨ ਅਤੇ ਉਸ ਦੇ ਵਿਰੋਧੀ ਪਾਈਥਾਗੋਰਸ ਦਾ ਖੰਡਨ। ਜ਼ੇਨੋ ਦੇ ਤਰਕ ਤਾਂ ਭਾਵੇਂ ਸਹੀ ਨਹੀਂ ਹਨ ਪਰ ਉਨ੍ਹਾਂ ਦੀ ਤਰਕ ਪ੍ਰਣਾਲੀ ਅਪੂਰਬ ਹੈ।

(8) **ਹੇਰੇਕਲਾਈਟਸ** (Hereclitus 535 ਈ.ਪੂ.-475 ਈ.ਪੂ.) ਦਾ ਜਨਮ ਇਫੀਸਸ ਨਗਰ ਵਿਚ ਇਕ ਕੁਲੀਨ ਪਰਿਵਾਰ ਵਿਚ ਹੋਇਆ। ਸੁਭਾਅ ਤੋਂ ਹੀ ਇਹ ਵਿਰਕਤ ਸੀ ਅਤੇ ਆਪਣੇ ਛੋਟੇ ਭਰਾ ਨੂੰ ਸਭ ਕੁਝ ਸੌਂਪ ਕੇ ਇਕ ਨਵੀਨ ਫਲਸਫੇ ਦੀ ਸਿਰਜਨਾ ਕਰਨ ਵਿਚ ਲਗ ਗਿਆ। ਇਹ ਬੜੇ ਗਰਬੀਲੇ ਸੁਭਾਅ ਦਾ ਸੀ ਅਤੇ ਆਪਣੇ ਸਮੇਂ ਦੇ ਸਭ ਤੋਂ ਵੱਡੇ

ਵਿਅਕਤੀ ਹੋਮਰ ਨੂੰ ਵੀ ਤੁੱਛ ਹੀ ਸਮਝਦਾ ਸੀ। ਇਸ ਨੇ ਇਕ ਪੁਸਤਕ ਵੀ ਲਿਖੀ ਹੈ ਜਿਸ ਦੇ ਕੁਝ ਅੰਸ਼ ਹੀ ਮਿਲੇ ਹਨ। ਇਸ ਨੇ ਖ਼ੁਦ ਕਿਹਾ ਹੈ ਕਿ ਮੇਰਾ ਫਲਸਫਾ ਕੁਝ ਖ਼ਾਸ ਲੋਕਾਂ ਵਾਸਤੇ ਹੀ ਹੈ ਕਿਉਂਕਿ ਖੋਤਿਆਂ ਨੂੰ ਘਾਹ ਚਾਹੀਦਾ ਹੁੰਦਾ ਹੈ, ਸੋਨਾ ਨਹੀਂ। ਹੇਰੇਕਲਾਈਟਸ ਦੇ ਅਨੁਸਾਰ ਸੰਸਾਰ ਦੇ ਸਾਰੇ ਪਦਾਰਥਾਂ ਵਿਚ ਉਨ੍ਹਾਂ ਦਾ ਵਿਰੋਧੀ ਸੱਚ ਵਿਦਮਾਨ ਹੈ। ਵਿਰੋਧ ਹੀ ਜੀਵਨ ਦੀ ਜਿੰਦ ਹੈ। ਸਤਿ ਵਿਚ ਅਸਤਿ, ਜੀਵਨ ਵਿਚ ਮੌਤ, ਪੁੰਨ ਵਿਚ ਪਾਪ, ਪ੍ਰੇਮ ਵਿਚ ਈਰਖਾ ਵਿਦਮਾਨ ਹਨ। ਇਹ ਵਿਰੋਧ ਹੀ ਗਤੀ ਜਾਂ ਬਦਲਾਵ ਹੈ। ਵਿਰੋਧ ਦਾ ਅਰਥ-ਪੂਰਨ ਵਿਰੋਧ (Contradiction) ਨਹੀਂ ਬਲਕਿ ਉਲਟ (Contrary) ਹੋਣਾ ਹੈ। ਪ੍ਰੇਮ ਅਤੇ ਦੁਜੈਗੀ ਵਿਰੋਧੀ ਹਨ; ਇਸ ਦਾ ਅਰਥ ਦੋਵੇਂ ਇਕ ਦੂਜੇ ਦੇ ਉਲਟ ਹਨ। ਉਲਟ ਹੋਣ ਦਾ ਅਰਥ ਬਦਲਾਵ ਜਾਂ ਪਰਿਵਰਤਨ ਹੈ। ਇਸ ਤਰ੍ਹਾਂ ਵਿਰੋਧ ਦਾ ਹੀ ਸਮਨਵੈ (Harmony of Opposite) ਹੁੰਦਾ ਹੈ। ਇਸ ਨੂੰ ਸਮਝਣ ਲਈ ਦੋ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ—ਜਦੋਂ ਮਨੁੱਖ ਨੇ ਤੀਰ ਛੱਡਿਆ ਤਾਂ ਚਲਾਉਣ ਵਾਲੇ ਦੇ ਦੋਵੇਂ ਹੱਥ ਪਰਸਪਰ ਵਿਰੋਧੀ ਦਿਸ਼ਾਵਾਂ ਵਿਚ ਖਿੱਚੇ ਜਾਂਦੇ ਹਨ ਪਰੰਤੂ ਨਿਸ਼ਾਨਾ ਦੋਵਾਂ ਦਾ ਇਕ ਹੀ ਹੁੰਦਾ ਹੈ। ਦੂਸਰਾ, ਵੀਣਾ ਦੇ ਤਾਰ ਵੱਖ ਵੱਖ ਤਰੀਕਿਆਂ ਨਾਲ ਖਿੱਚੇ ਜਾਂਦੇ ਹਨ ਪਰ ਫਿਰ ਵੀ ਭਿੰਨ ਸੁਰਾਂ ਇਕੋ ਹੀ ਰਾਗ ਨੂੰ ਪੈਦਾ ਕਰਦੀਆਂ ਹਨ। ਇਸ ਲ਼ਈ ਵਿਰੋਧ ਸਮਨਵੈ ਦਾ ਜਨਕ ਹੈ। ਹੇਰੇਕਲਾਈਟਸ ਦੇ ਅਨੁਸਾਰ ਕੋਈ ਵੀ ਹੋਂਦ ਅਜਿਹੀ ਨਹੀਂ ਜਿਹੜੀ ਪਰਿਣਾਮੀ ਜਾਂ ਪਰਿਵਰਤਨਸ਼ੀਲ ਨਾ ਹੋਵੇ। ਹੇਰੇਕਲਾਈਟਸ ਇਹ ਵੀ ਮੰਨਦਾ ਹੈ ਕਿ ਸੰਸਾਰ ਦੇ ਸਾਰੇ ਪਦਾਰਥ ਅਗਨੀ ਤੋਂ ਹੀ ਉਤਪੰਨ ਹੋਏ ਹਨ ਅਤੇ ਅੰਤ ਅਗਨੀ ਵਿਚ ਹੀ ਲੀਨ ਹੋ ਜਾਂਦੇ ਹਨ। ਜਿਸ ਤਰ੍ਹਾਂ ਸੋਨਾ ਗਹਿਣਿਆਂ ਵਿਚ ਅਤੇ ਗਹਿਣੇ ਸੋਨੇ ਵਿਚ ਬਦਲਦੇ ਰਹਿੰਦੇ ਹਨ ਉਸੇ ਤਰ੍ਹਾਂ ਅਗਨੀ ਤੋਂ ਸਾਰੇ ਪਦਾਰਥ ਅਤੇ ਪਦਾਰਥਾਂ ਦੀ ਅਗਨੀ ਵਿਚ ਬਦਲੀ ਸਦਾ ਚਲਦੀ ਰਹਿੰਦੀ ਹੈ। ਇਸ ਤਰ੍ਹਾਂ ਹੇਰੇਕਲਾਈਟਸ ਦੇ ਅਨੁਸਾਰ ਅਗਨੀ ਹੀ ਜਗਤ ਦਾ ਮੂਲ ਕਾਰਨ ਹੈ।

(9) **ਐਮਪੀਡੋਕਲੀਜ਼** (495 ਈ.ਪੂ.–435 ਈ.ਪੂ.) ਸਿਸਲੀ ਦੇ ਐਗ੍ਰੀਗੇਂਨਟੂਮ ਨਗਰ ਦਾ ਨਿਵਾਸੀ ਸੀ ਅਤੇ ਦਾਰਸ਼ਨਿਕ, ਰਾਜਨੀਤੀਵਾਨ,

ਬੁਲਾਰੇ ਆਦਿ ਹੋਣ ਦੇ ਨਾਲ ਨਾਲ ਧਾਰਮਿਕ ਸੁਧਾਰਕ ਵੀ ਸੀ। ਥੇਲੀਜ਼ ਦੇ ਅਨੁਸਾਰ ਜਲ ਪਰਮ ਤੱਤ ਹੈ, ਅਨੇਕਜ਼ੀਮੇਨੀਜ਼ ਦੇ ਅਨੁਸਾਰ ਵਾਯੂ ਅਤੇ ਹੇਰੇਕਲਾਈਟਸ ਦੇ ਅਨੁਸਾਰ ਅਗਨੀ ਹੀ ਪਰਮ ਤੱਤ ਹੈ। ਐਮਪੀਡੋਕਲੀਜ਼ ਇਨ੍ਹਾਂ ਸਾਰਿਆਂ ਦਾ ਸਮਨਵੈ ਕਰਦਾ ਹੈ ਅਤੇ ਕਹਿੰਦਾ ਹੈ ਕਿ ਪ੍ਰਿਥਵੀ, ਜਲ, ਵਾਯੂ ਅਤੇ ਅਗਨੀ ਸਾਰੇ ਹੀ ਮੌਲਿਕ ਤੱਤ ਹਨ। ਆਪਣੇ ਮੂਲ ਰੂਪ ਵਿਚ ਇਹ ਨਿੱਤ ਹਨ ਅਤੇ ਅਵਿਕਾਰੀ ਹਨ। ਇਨ੍ਹਾਂ ਦਾ ਮੂਲ ਰੂਪ ਅਣੂ ਹੈ। ਅਣੂ ਰੂਪ ਵਿਚ ਇਨ੍ਹਾਂ ਦੀ ਉਤਪਤੀ ਅਤੇ ਬਿਨਾਸ ਨਹੀਂ ਹੁੰਦਾ। ਇਨ੍ਹਾਂ ਦਾ ਕੇਵਲ ਸੰਜੋਗ ਅਤੇ ਵਿਜੋਗ ਹੁੰਦਾ ਹੈ। ਇਸ ਲਈ ਸ੍ਰਿਸ਼ਟੀ ਦਾ ਅਰਥ ਚਾਰ ਮਹਾਂ ਤੱਤਾਂ ਦਾ ਸੰਜੋਗ ਹੈ ਅਤੇ ਵਿਜੋਗ ਹੀ ਸ੍ਰਿਸ਼ਟੀ ਦਾ ਬਿਨਾਸ ਹੈ। ਸੰਜੋਗ ਅਤੇ ਵਿਜੋਗ ਨੂੰ ਸਿੱਧ ਕਰਨ ਲਈ ਉਹ ਪ੍ਰੇਮ ਅਤੇ ਵਿਰੋਧ ਦਾ ਉਦਾਹਰਣ ਦਿੰਦਾ ਹੈ। ਪ੍ਰੇਮ ਸੰਜੋਗ ਦਾ ਅਤੇ ਵਿਰੋਧ ਵਿਜੋਗ ਦਾ ਕਾਰਨ ਹੈ। ਸ੍ਰਿਸ਼ਟੀ ਦੇ ਅਰੰਭ ਵਿਚ ਸਾਰੇ ਤੱਤ ਪ੍ਰੇਮ ਦੇ ਕਾਰਨ ਇਕਾਈ ਜਾਂ ਇਕਰੂਪਤਾ ਦੀ ਅਵਸਥਾ ਵਿਚ ਸਨ ਪਰੰਤੂ ਕਾਲਾਂਤਰ ਵਿਚ ਵਿਰੋਧ ਦੀ ਅਧਿਕਤਾ ਹੋਣ ਕਾਰਨ ਭੇਦ ਉਤਪੰਨ ਹੋ ਗਿਆ ਅਤੇ ਇਹ ਵਿਜੋਗੇ ਗਏ। ਸਭ ਤੋਂ ਪਹਿਲਾਂ ਵਾਯੂ ਵੱਖ ਹੋ ਗਈ, ਫਿਰ ਅਗਨੀ ਅਤੇ ਫਿਰ ਪ੍ਰਿਥਵੀ ਉਤਪੰਨ ਹੋਈ। ਪ੍ਰਿਥਵੀ ਉਤੇ ਦਬਾਅ ਦੇ ਕਾਰਨ ਵਿਚੋਂ ਫੁੱਟ ਕੇ ਜਲ ਦਾ ਨਿਕਾਸ ਹੋਇਆ। ਪਹਿਲੀ ਅਵਸਥਾ ਦਿੱਬਤਾ ਵਾਲੀ ਸੀ ਜਿਸ ਵਿਚ ਪੂਰਨ ਰੂਪ ਵਿਚ ਪ੍ਰੇਮ ਦਾ ਰਾਜ ਸੀ। ਬਾਅਦ ਵਿਚ ਵਿਰੋਧ ਕਾਰਨ ਸਾਰੇ ਵੱਖ ਹੋ ਗਏ ਅਤੇ ਫਿਰ ਪ੍ਰੇਮ ਦੀ ਪ੍ਰਧਾਨਤਾ ਕਾਰਨ ਸਾਰੇ ਹੀ ਦਿੱਬ ਲੋਕ ਵਿਚ ਮੁੜ ਇਕੱਠੇ ਹੋ ਜਾਣਗੇ। ਐਮਪੀਡੋਕਲੀਜ਼ ਸ੍ਰਿਸ਼ਟੀ ਦੇ ਸੰਬੰਧ ਵਿਚ ਚੱਕਰਾਕਾਰ ਪਰਿਵਰਤਨ ਵੀ ਮੰਨਦਾ ਹੈ ਜਿਸਦਾ ਅਰਥ ਇਹ ਹੈ ਸ੍ਰਿਸ਼ਟੀ ਅਤੇ ਬਿਨਾਸ ਦੀ ਪਰੰਪਰਾ ਅਨਾਦੀ ਹੈ।

(10) **ਲਿਊਕੀਪਸ** ਅਤੇ **ਡੀਮੋਕਰਿਟਸ** (440 ਈ.ਪੂ.-370 ਈ.ਪੂ. ਅਤੇ 420 ਈ.ਪੂ.-?) ਦੋਵੇਂ ਹੀ ਪਰਮਾਣੂਵਾਦੀ ਦਾਰਸ਼ਨਿਕ ਹਨ। ਲਿਊਕੀਪਸ ਨੂੰ ਪਰਮਾਣੂਵਾਦੀ ਦਰਸ਼ਨ ਦਾ ਮੋਢੀ ਮੰਨਿਆ ਜਾਂਦਾ ਹੈ। ਡੀਮੋਕਰਿਟਸ ਇਸ ਦਾ ਚੇਲਾ ਸੀ। ਇਨ੍ਹਾਂ ਦੋਹਾਂ ਫਿਲਾਸਫਰਾਂ ਨੇ ਐਮਪੀਡੋਕਲੀਜ਼ ਦੇ ਪਰਮਾਣੂਵਾਦ ਨੂੰ ਪੂਰਨ ਰੂਪ ਦਿਤਾ। ਸਾਰੇ ਹੀ

ਪਰਮਾਣੂਵਾਦੀ ਫਿਲਾਸਫਰ ਪਾਰਮੇਨਾਈਡੀਜ਼ ਦੇ ਇਸ ਸਿਧਾਂਤ ਨੂੰ ਪੂਰੀ ਤਰ੍ਹਾਂ ਮੰਨਦੇ ਹਨ ਕਿ ਪਰਮ ਤੱਤ ਉਤਪਤੀ-ਬਿਨਾਸ ਤੋਂ ਰਹਿਤ, ਨਿੱਤ ਅਤੇ ਅਵਿਕਾਰੀ ਹੈ। ਇਨ੍ਹਾਂ ਫਿਲਾਸਫਰਾਂ ਦੇ ਅਨੁਸਾਰ ਜਗਤ ਦੇ ਮੂਲ ਵਿਚ ਇਕ ਹੀ ਤਰ੍ਹਾਂ ਦਾ ਪਦਾਰਥ ਹੈ ਅਤੇ ਸਾਰੇ ਪਰਮਾਣੂ ਇਕ ਹੀ ਪ੍ਰਕਾਰ ਦੇ ਪਦਾਰਥ ਦੇ ਬਣੇ ਹਨ। ਇਹ ਪਰਮਾਣੂ ਗੁਣ-ਰਹਿਤ ਹਨ ਪਰੰਤੂ ਇਨ੍ਹਾਂ ਵਿਚ ਪਰਿਮਾਣਾਤਮਕ ਭੇਦ ਹੁੰਦਾ ਹੈ। ਪਰਮਾਣੂ ਵਿਚ ਵਿਸਤਾਰ ਹੁੰਦਾ ਹੈ ਅਤੇ ਵਿਸਤਾਰ ਕਾਰਨ ਪਰਮਾਣੂਆਂ ਦੇ ਰੂਪ ਆਕਾਰ ਵਿਚ ਫ਼ਰਕ ਪੈ ਜਾਂਦਾ ਹੈ। ਕੁਝ ਪਰਮਾਣੂ ਛੋਟੇ ਹੁੰਦੇ ਹਨ ਅਤੇ ਕੁਝ ਵੱਡੇ ਹੁੰਦੇ ਹਨ। ਇਸ ਤਰ੍ਹਾਂ ਪਰਮਾਣੂਆਂ ਵਿਚ ਸੰਖਿਆ ਭੇਦ ਵੀ ਹੈ। ਪਰਮਾਣੂਵਾਦੀਆਂ ਦੇ ਅਨੁਸਾਰ ਕੇਵਲ ਪਰਮਾਣੂਆਂ ਦੁਆਰਾ ਹੀ ਸ੍ਰਿਸ਼ਟੀ ਨਹੀਂ ਹੋ ਸਕਦੀ; ਇਨ੍ਹਾਂ ਵਿਚ ਕਿਰਿਆ ਦੀ ਵੀ ਲੋੜ ਹੁੰਦੀ ਹੈ। ਕਿਰਿਆ ਗਤੀ ਦੇ ਕਾਰਨ ਹੋ ਸਕਦੀ ਹੈ। ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਪਰਮਾਣੂਆਂ ਵਿਚ ਗਤੀ ਪੈਦਾ ਕਿਸ ਤਰ੍ਹਾਂ ਹੁੰਦੀ ਹੈ ? ਪਰਮਾਣੂਵਾਦੀ ਕਹਿੰਦੇ ਹਨ ਕਿ ਗਤੀ ਪਰਮਾਣੂਆਂ ਦਾ ਸੁਭਾਵਕ ਧਰਮ ਹੈ। ਪਰੰਤੂ ਫਿਰ ਸੁਆਲ ਪੈਦਾ ਹੁੰਦਾ ਹੈ ਕਿ ਉਨ੍ਹਾਂ ਦੀ ਗਤੀ ਦਾ ਚਾਲਕ ਕੌਣ ਹੈ ? ਡੀਮੋਕਰਿਟਸ ਦਾ ਕਹਿਣਾ ਹੈ ਕਿ ਪਰਮਾਣੂਆਂ ਵਿਚ ਸ਼ਕਤੀ ਦਾ ਸੰਚਾਲਨ ਖ਼ੁਦ-ਬ-ਖ਼ੁਦ ਹੁੰਦਾ ਹੈ। ਇਨ੍ਹਾਂ ਦਾ ਸੰਚਾਲਕ ਕੋਈ ਅਪੂਰਬ ਸ਼ਕਤੀ ਜਾਂ ਅਦਿੱਖ ਈਸ਼ਵਰ ਨਹੀਂ ਹੈ। ਦੇਵੀ ਦੇਵਤਾਵਾਂ ਦਾ ਖੰਡਨ ਕਰਦਾ ਹੋਇਆ ਡੀਮੋਕਰਿਟਸ ਇਹ ਕਹਿੰਦਾ ਹੈ ਕਿ ਇਨ੍ਹਾਂ ਵਿਚ ਵਿਸ਼ਵਾਸ ਦਾ ਮੁੱਖ ਕਾਰਨ ਭੈਅ ਹੈ।

ਲਿਊਕੀਪਸ ਅਤੇ ਡੀਮੋਕਰਿਟਸ ਦੇ ਸਮੇਂ ਵਿਚ ਹੀ ਅਨੇਕਸੇਗੋਰਸ ਨਾਮਕ ਮੌਲਿਕ ਵਿਚਾਰਕ ਹੋਇਆ ਹੈ ਜਿਸ ਨੇ ਪਰਮਾਣੂਆਂ ਵਿਚ ਗਤੀ ਲਈ ਚਿਤ ਸ਼ਕਤੀ (Nous) ਨੂੰ ਮੂਲ ਕਾਰਨ ਮੰਨਿਆ ਹੈ। ਇਹ ਚਿਤ ਸ਼ਕਤੀ (Nous) ਹੀ ਪਰਮ ਵਿਗਿਆਨ ਹੈ ਅਤੇ ਸਾਰੀਆਂ ਗਤੀਆਂ ਦਾ ਆਧਾਰ ਹੈ। ਇਸ ਤੋਂ ਇਲਾਵਾ ਸ੍ਰਿਸ਼ਟੀ ਦੀ ਪ੍ਰਯੋਜਨਮੂਲਕਤਾ ਦੀ ਕਲਪਨਾ ਵੀ ਅਨੇਕਸੇਗੋਰਸ ਨੇ ਹੀ ਕੀਤੀ। ਬਾਅਦ ਵਿਚ ਪਲੈਟੋ ਅਤੇ ਅਰਸਤੂ ਵਿਚ, ਇਸ ਪਰਮ ਵਿਗਿਆਨ ਉੱਤੇ ਗੰਭੀਰ ਚਿੰਤਨ ਕੀਤਾ ਗਿਆ ਹੈ।

ਅਨੇਕਸੋਗੋਰਸ ਦੇ ਬਾਅਦ ਗ੍ਰੀਕ ਦਰਸ਼ਨ ਨੇ ਇਕ ਨਵਾਂ ਮੋੜ ਲਿਆ।

ਅਨੇਕਸੇਗੋਰਸ ਦੀ ਚਿਤ ਸ਼ਕਤੀ (Nous) ਦੀ ਸੰਕਲਪਨਾ ਤੋਂ ਬਾਅਦ ਯੂਨਾਨੀ ਫਲਸਫੇ ਵਿਚ ਚਿਤ-ਅਚਿਤ, ਭੌਤਿਕ-ਅਭੌਤਿਕ ਅਤੇ ਸਰੀਰ-ਆਤਮਾ ਦੇ ਭੇਦ ਉੱਤੇ ਚਿੰਤਨ ਅਰੰਭ ਹੋ ਗਿਆ। ਅੱਗੇ ਚੱਲ ਕੇ ਇਸ ਦਾ ਫਲ ਇਹ ਹੋਇਆ ਕਿ ਯੂਨਾਨੀ ਫਲਸਫਾ ਮਨੁੱਖ-ਕੇਂਦ੍ਰਿਤ ਹੋ ਗਿਆ ਅਤੇ ਮਨੁੱਖ ਵਿਚਲੇ ਮਨ, ਆਤਮਾ ਅਤੇ ਜਗਤ ਦੇ ਮੂਲ ਕਾਰਨ ਦੀ ਖੋਜ ਬਾਰੇ ਗਹਿਰਾਈ ਨਾਲ ਸੋਚਣ ਦੀ ਪਰੰਪਰਾ ਬਣ ਗਈ। ਸਭ ਤੋਂ ਪਹਿਲਾਂ ਸੋਫਿਸਟ ਲੋਕਾਂ ਨੇ ਇਹ ਅਨੁਭਵ ਕੀਤਾ ਕਿ ਮਨੁੱਖ ਸੰਬੰਧੀ ਸਮੱਸਿਆਵਾਂ ਜਗਤ ਦੀਆਂ ਸਮੱਸਿਆਵਾਂ ਨਾਲੋਂ ਵਧ ਮਹੱਤਵਪੂਰਨ ਹਨ। ਇਸ ਲਈ ਹੁਣ ਯੂਨਾਨੀ ਫਿਲਾਸਫਰਾਂ ਦਾ ਧਿਆਨ ਤੱਤ ਤੋਂ ਹਟ ਕੇ ਗਿਆਨ, ਧਰਮ ਆਦਿ ਵੱਲ ਖਿੱਚਿਆ ਗਿਆ।

ਇਸ ਨਵੇਂ ਯੁਗ ਨੂੰ ਯੂਨਾਨ ਦਾ ਪ੍ਰਬੋਧ ਕਾਲ (The Age of Enlightenment) ਕਿਹਾ ਜਾਂਦਾ ਹੈ। ਕਾਰਨ ਸਪੱਸ਼ਟ ਹੈ, ਸੋਫਿਸਟਾਂ ਦੀ ਦ੍ਰਿਸ਼ਟੀ ਪੂਰਨ ਰੂਪ ਵਿਚ ਵਿਹਾਰਕ ਸੀ ਅਤੇ ਉਨ੍ਹਾਂ ਨੇ ਸਾਰੇ ਪੁਰਾਣੇ ਸਮਾਜਕ ਰੀਤੀ ਰਿਵਾਜਾਂ ਨੂੰ ਸੰਦੇਹ ਦੀ ਦ੍ਰਿਸ਼ਟੀ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਸੀ। ਜੀਵਨ ਨੂੰ ਸਫਲ ਬਣਾਉਣ ਲਈ ਹੁਣ ਉਪਯੋਗੀ ਸਿਧਾਂਤਾਂ ਦੀ ਖੋਜ ਅਰੰਭ ਹੋਈ। ਸ਼ੁਰੂ ਸ਼ੁਰੂ ਵਿਚ ਤਾਂ ਸੋਫਿਸਟਾਂ ਦੀ ਸਮਾਜ ਵਿਚ ਕਾਫ਼ੀ ਇਜ਼ਤ ਹੋਈ ਪਰ ਬਾਅਦ ਵਿਚ ਇਨ੍ਹਾਂ ਦੁਆਰਾ ਹਰ ਗੱਲ ਉਤੇ ਬਹਿਸ ਅਤੇ ਵਿਅਰਥ ਤਰਕਾਂ ਨੂੰ ਵੇਖਦੇ ਹੋਏ ਲੋਕਾਂ ਨੇ ਇਨ੍ਹਾਂ ਨੂੰ ਥੋਥੇ ਵਿਵਾਦੀ ਕਹਿਣਾ ਸ਼ੁਰੂ ਕਰ ਦਿੱਤਾ। ਦਰਅਸਲ ਉਨ੍ਹਾਂ ਸਮਿਆਂ ਵਿਚ ਉੱਚੇ ਪਦਾਂ ਦੀ ਪ੍ਰਾਪਤੀ ਲਈ ਯੂਨਾਨ ਵਿਚ ਤਰਕ ਅਤੇ ਭਾਸ਼ਣ ਵਿਚ ਮੁਹਾਰਤ ਹਾਸਲ ਕਰਨਾ ਜ਼ਰੂਰੀ ਸਮਝਿਆ ਜਾਂਦਾ ਸੀ ਅਤੇ ਸੋਫਿਸਟ ਫਿਲਾਸਫਰ ਨੌਜੁਆਨਾਂ ਤੋਂ ਫ਼ੀਸ ਲੈ ਕੇ ਉਨ੍ਹਾਂ ਨੂੰ ਵਾਦ-ਵਿਵਾਦ ਦੀ ਕਲਾ ਵਿਚ ਮਾਹਿਰ ਬਣਾਉਣ ਦਾ ਕੰਮ ਕਰਦੇ ਸਨ। ਤਰਕ-ਜਾਲ ਵਿਚ ਫਸਾ ਕੇ ਵਿਰੋਧੀ ਨੂੰ ਹਰਾਉਣ ਦੀ ਕਲਾ ਵਿਚ ਇਹ ਮਾਹਿਰ ਸਨ ਅਤੇ ਆਪਣੇ ਗਾਹਕਾਂ ਨੂੰ ਇਹ ਵਖਰੇ ਵਖਰੇ ਕਿਸਮ ਦੀ ਸਿੱਖਿਆ ਦਿੰਦੇ ਸਨ। ਗੋਰਜਿਆਜ਼ ਭਾਸ਼ਣ ਕਲਾ ਅਤੇ ਰਾਜਨੀਤੀ ਦੀ, ਪ੍ਰੋਡਿਕਸ ਵਿਆਕਰਨ ਅਤੇ ਸ਼ਬਦ ਸ਼ਾਸਤਰ ਦੀ, ਹਿਪਿਯਾਜ਼ ਇਤਿਹਾਸ, ਗਣਿਤ ਅਤੇ ਭੌਤਿਕ ਸ਼ਾਸਤਰ ਦੀ ਅਤੇ ਪ੍ਰੋਟਾਗੋਰਸ ਰਾਜਨੀਤੀ ਦੀ ਸਿੱਖਿਆ


www.punjabilibrary.com

ਦਿੰਦਾ ਸੀ। ਸਮੇਂ ਦੇ ਬੀਤਣ ਨਾਲ ਇਹ ਲੋਕ ਧਨ ਦੇ ਇੰਨੇ ਲਾਲਚੀ ਅਤੇ ਆਪਣੇ ਵਾਦ-ਵਿਵਾਦ ਵਿਚ ਇੰਨੇ ਮਾਹਿਰ ਹੋ ਗਏ ਸਨ ਕਿ ਲੋੜ ਪੈਣ ਤੇ ਕਿਸੇ ਬਜ਼ਾਰੂ ਕੁੱਤੇ ਨੂੰ ਵੀ ਆਪਣਾ ਪਿਉ ਸਿੱਧ ਕਰ ਸਕਦੇ ਸਨ। ਇਹ ਦਵੰਦ ਨਿਆਇ (dialectic) ਵਿਚ ਬੜੇ ਨਿਪੁੰਨ ਸਨ ਅਤੇ ਆਪਣੀ ਇਸ ਕਲਾ ਦੁਆਰਾ ਇਹ ਝੂਠ ਨੂੰ ਵੀ ਸੱਚ ਕਰ ਦਿਖਾਂਦੇ ਸਨ।

ਪ੍ਰੋਟਾਗੋਰਸ ਸਭ ਤੋਂ ਪਹਿਲਾ ਸੋਫਿਸਟ ਕਿਹਾ ਜਾਂਦਾ ਹੈ ਅਤੇ ਇਹ ਹੀ ਸੋਫਿਸਟ ਸੰਪ੍ਰਦਾਇ ਦਾ ਸੰਸਥਾਪਕ ਵੀ ਸੀ। ਇਹ ਬਹੁਤ ਹੀ ਪ੍ਰਭਾਵਸ਼ਾਲੀ ਵਿਅਕਤੀ ਸੀ ਅਤੇ ਪਲੈਟੋ ਦੀ ਇਕ ਰਚਨਾ ਕੇਵਲ ਪ੍ਰੋਟਾਗੋਰਸ ਉਤੇ ਹੀ ਹੈ। ਏਥਨਜ਼ ਹੀ ਇਸ ਦਾ ਕਾਰਜ ਖੇਤਰ ਸੀ। ਸਭ ਤੋਂ ਪਹਿਲਾਂ ਇਸ ਨੇ ਹੀ ਗ੍ਰੀਕ ਭਾਸ਼ਾ ਦੇ ਵਿਆਕਰਨ ਦੀ ਰਚਨਾ ਕੀਤੀ ਅਤੇ ਥਰਾਈ ਪ੍ਰਦੇਸ਼ ਦਾ ਸੰਵਿਧਾਨ ਇਸ ਨੇ ਹੀ ਬਣਾਇਆ ਸੀ। ਪ੍ਰੋਟਾਗੋਰਸ ਦੇ ਫਲਸਫੇ ਦਾ ਸਾਰ-ਅੰਸ਼ ਹੈ: ਮਨੁੱਖ ਹੀ ਸਾਰੇ ਪਦਾਰਥਾਂ ਦਾ ਮਾਪਦੰਡ ਹੈ (Homomensuras—Man is the measure of all things)। ਦਰਅਸਲ ਇਹ ਕਥਨ ਸਾਰੇ ਸੋਫਿਸਟ ਫਲਸਫੇ ਦਾ ਸਾਰ-ਅੰਸ਼ ਹੈ। ਨੈਤਿਕ ਨੇਮਾਂ ਦੇ ਖੇਤਰ ਵਿਚ ਪ੍ਰੋਟਾਗੋਰਸ ਨੂੰ ਉਪਯੋਗਿਤਾ-ਵਾਦ (Pragmatism) ਦਾ ਜਨਮ-ਦਾਤਾ ਮੰਨਿਆ ਜਾਂਦਾ ਹੈ। ਸੋਫਿਸਟ ਸੰਪ੍ਰਦਾਇ ਦੇ ਦੂਜੇ ਫਿਲਾਸਫਰ ਪ੍ਰਾਡਿਕਸ (Prodicus), ਹਿੱਪੀਯਸ (Hippius) ਅਤੇ ਜਾਰਜਿਯਸ (Georgius)। ਇਨ੍ਹਾਂ ਸਾਰਿਆਂ ਦੇ ਸਿਧਾਂਤ ਪ੍ਰੋਟਾਗੋਰਸ ਨਾਲ ਹੀ ਮਿਲਦੇ ਜੁਲਦੇ ਸਨ। ਸੋਫਿਸਟ ਲੋਕਾਂ ਦੀ ਸਭ ਤੋਂ ਵੱਡੀ ਦੇਣ ਮਨੁੱਖਵਾਦ (Humanism) ਹੈ ਅਤੇ ਇਨ੍ਹਾਂ ਨੇ ਹੀ ਸਭ ਤੋਂ ਪਹਿਲਾਂ ਇਹ ਕਿਹਾ ਕਿ 'The proper study of mankind is man' ਅਰਥਾਤ ਮਨੁੱਖ ਜਾਤੀ ਦੇ ਠੀਕ ਅਧਿਐਨ ਦਾ ਠੀਕ ਸਾਧਨ ਮਨੁੱਖ ਹੀ ਹੈ।

### **ਸੁਕਰਾਤ** (470 ਈ.ਪੂ.-400 ਈ.ਪੂ.)

ਗ੍ਰੀਕ ਫਲਸਫੇ ਵਿਚ ਤਰਥੱਲੀ ਮਚਾ ਦੇਣ ਵਾਲੇ ਮਹਾਤਮਾ ਸੁਕਰਾਤ ਦਾ ਜਨਮ ਏਥਨਜ਼ ਵਿਚ ਹੋਇਆ ਸੀ। ਇਸ ਦਾ ਪਿਤਾ ਸਾਫ਼ਰਾਨਿਸਕਸ ਇਕ ਬੁੱਤਘਾੜੇ ਦਾ ਕੰਮ ਕਰਦਾ ਸੀ ਅਤੇ ਇਸ ਦੀ ਮਾਂ ਫੀਨਰੀਟ ਇਕ

ਦਾਈ ਦਾ ਕੰਮ ਕਰਦੀ ਸੀ। ਪਹਿਲਾਂ ਸੁਕਰਾਤ ਨੇ ਵੀ ਪੱਥਰ ਕੱਟਣ ਦਾ ਕੰਮ ਸ਼ੁਰੂ ਕੀਤਾ, ਬਾਅਦ ਵਿਚ ਕੁਝ ਦਿਨਾਂ ਤਕ ਸੋਫਿਸਟਾਂ ਦੇ ਭਾਸ਼ਣ ਸੁਣੇ ਅਤੇ ਫਿਰ ਫ਼ੌਜ ਵਿਚ ਵੀ ਨੌਕਰੀ ਕੀਤੀ। ਸੁਕਰਾਤ ਦੀ ਬਾਹਰੀ ਸ਼ਖ਼ਸੀਅਤ ਦਿਲ-ਖਿਚਵੀਂ ਨਹੀਂ ਸੀ। ਇਹ ਨਾਟਾ, ਮੋਟਾ, ਚੌੜੇ ਤੇ ਠੁਲ੍ਹੇ ਨੱਕ ਵਾਲਾ ਅਤੇ ਮੋਟੇ ਮੋਟੇ ਬੁਲ੍ਹਾਂ ਵਾਲਾ ਵਿਅਕਤੀ ਸੀ। ਆਮ ਤੌਰ ਤੇ ਇਹ ਨੰਗੇ ਪੈਰੀਂ ਫਿਰਦਾ ਰਹਿੰਦਾ ਸੀ ਪਰੰਤੂ ਇਸ ਵਿਚ ਇਕ ਅਤੁੱਟ ਆਤਮ ਵਿਸ਼ਵਾਸ, ਸਦਾਚਾਰਤਾ ਅਤੇ ਈਮਾਨਦਾਰੀ ਕੁੱਟ ਕੁੱਟ ਕੇ ਭਰੇ ਹੋਏ ਸਨ। ਇਹ ਜੀਵਨ ਭਰ ਏਥਨਜ਼ ਦੇ ਨਾਗਰਿਕਾਂ ਨੂੰ ਬਿਨਾ ਕੁਝ ਲਏ ਸਿੱਖਿਆ ਦਿੰਦਾ ਰਿਹਾ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਸਥਾਪਨਾ ਕਰਦਾ ਰਿਹਾ। ਏਸੇ ਅਪਰਾਧ ਲਈ ਹਕੂਮਤ ਨੇ ਇਸ ਨੂੰ 70 ਸਾਲ ਦੀ ਉਮਰ ਵਿਚ ਮੌਤ ਦੀ ਸਜ਼ਾ ਦਿਤੀ ਅਤੇ ਜ਼ਹਿਰ ਦਾ ਪਿਆਲਾ ਪਿਆ ਕੇ ਇਸ ਦੇ ਪ੍ਰਾਣ ਲੈ ਲਏ।

ਸੁਕਰਾਤ ਦਾ ਇਹ ਵਿਸ਼ਵਾਸ ਸੀ ਕਿ ਪਰੀਖਿਆ ਦੀ ਕਸੌਟੀ ਤੇ ਉਤਰਿਆ ਸੱਚ ਹੀ ਹਕੀਕਤਨ ਸੱਚ ਹੈ। ਇਸ ਲਈ ਸੱਚਾਈ ਦੀ ਤਹਿ ਤਕ ਪਹੁੰਚਣ ਲਈ ਸੰਦੇਹ ਦਾ ਆਸਰਾ ਲਿਆ ਜਾਣਾ ਚਾਹੀਦਾ ਹੈ। ਸੁਕਰਾਤ ਅਨੁਸਾਰ ਸੰਪੂਰਨ ਗਿਆਨ ਅਤੇ ਸੱਚ ਆਤਮਾ ਦੇ ਅੰਦਰ ਹੀ ਹੈ; ਸਾਡਾ ਕੰਮ ਉਸ ਲੁਕੇ ਹੋਏ ਸੱਚ ਦਾ ਸਾਖਿਆਤਕਾਰ ਕਰਨਾ ਹੈ ਅਤੇ ਉਸ ਨੂੰ ਬਾਹਰ ਲਿਆ ਕੇ ਉਸ ਦਾ ਵਿਕਾਸ ਕਰਨਾ ਹੈ। ਇਸ ਪ੍ਰਣਾਲੀ ਨੂੰ 'ਦਾਈ ਪ੍ਰਣਾਲੀ' ਕਿਹਾ ਜਾਂਦਾ ਹੈ। ਜਿਵੇਂ ਦਾਈ ਬੱਚੇ ਨੂੰ ਪੈਦਾ ਕਰਨ ਵਿਚ ਮਾਂ ਦੀ ਮਦਦ ਕਰਦੀ ਹੈ ਇਵੇਂ ਹੀ ਸਾਡੀ ਸਿੱਖਿਆ ਆਤਮਾ ਵਿਚ ਵੱਸੇ ਸੱਚ ਨੂੰ ਬਾਹਰ ਲਿਆ ਕੇ ਵਿਕਸਿਤ ਹੋਣ ਵਿਚ ਸਹਾਇਤਾ ਕਰਦੀ ਹੈ। ਸੰਬਾਦ ਰਾਹੀਂ ਇਹ ਕਾਰਜ ਪੂਰਾ ਹੁੰਦਾ ਹੈ। ਸੁਕਰਾਤ ਦੇ ਅਨੁਸਾਰ ਗਿਆਨ ਦੇ ਦੋ ਰੂਪ ਹਨ—ਬਾਹਰੀ ਅਤੇ ਅੰਦਰੂਨੀ। ਬਾਹਰੀ ਗਿਆਨ ਅਸੱਤ, ਅਸਪੱਸ਼ਟ ਅਤੇ ਸ਼ੱਕੀ ਹੁੰਦਾ ਹੈ ਜਦੋਂ ਕਿ ਅੰਦਰੂਨੀ ਗਿਆਨ ਅੰਨ੍ਹੀ ਸ਼ਰਧਾ ਜਾਂ ਅੰਧਵਿਸ਼ਵਾਸ ਤੇ ਆਧਾਰਿਤ ਨਾ ਹੋ ਕੇ ਦਲੀਲ ਭਰਪੂਰ ਵਿਸ਼ਵਾਸ ਉਤੇ ਖੜਾ ਹੁੰਦਾ ਹੈ। ਬਾਹਰੀ ਗਿਆਨ ਇੰਦਿਰਿਆਵੀ ਗਿਆਨ ਹੈ ਅਤੇ ਸੋਫਿਸਟ ਵਿਚਾਰਕ ਏਸੇ ਨੂੰ ਹੀ ਹਰ ਵਸਤੂ ਦਾ ਮਾਪ-ਦੰਡ ਮੰਨਦੇ ਸਨ। ਸੁਕਰਾਤ ਇਸ ਦਾ ਖੰਡਨ ਕਰਦਾ ਹੈ। ਸੁਕਰਾਤ ਅਨੁਸਾਰ ਗਿਆਨ ਸਰਬ-ਕਾਲੀ ਅਤੇ ਸਰਬ-ਮਨੁੱਖੀ ਹੈ।

ਗਿਆਨ ਦਾ ਵਿਸ਼ਲੇਸ਼ਣ ਕਰਦੇ ਹੋਏ ਸੁਕਰਾਤ ਗਿਆਨ ਨੂੰ ਸੰਕਲਪ-ਆਤਮਕ ਕਹਿੰਦਾ ਹੈ ਅਤੇ ਮੰਨਦਾ ਹੈ ਕਿ ਇਸ ਦੀ ਉਤਪਤੀ ਅਨੁਭਵ ਤੋਂ ਹੁੰਦੀ ਹੈ। ਇੰਦਰੀਆਂ ਰਾਹੀਂ ਉਤਪੰਨ ਪਰਤੱਖ ਗਿਆਨ ਤਾਂ ਵਸਤੂ ਜਾਂ ਵਿਅਕਤੀ ਵਿਸ਼ੇਸ਼ ਦਾ ਹੀ ਹੁੰਦਾ ਹੈ। ਨਮੂਨੇ ਵਜੋਂ ਜਦੋਂ ਅਸੀਂ ਕਹਿੰਦੇ ਹਾਂ ਕਿ ਸੁਕਰਾਤ ਮਰਨਹਾਰ ਹੈ ਤਾਂ ਅਸੀਂ ਇੰਦਿਰਿਆਵੀ ਅਨੁਭਵ ਤੇ ਖਲੋ ਕੇ ਗੱਲ ਕਰ ਰਹੇ ਹਾਂ ਕਿਉਂਕਿ ਅਸੀਂ ਸੁਕਰਾਤ ਨੂੰ ਜਾਂ ਕਿਸੇ ਹੋਰ ਵਿਅਕਤੀ ਵਿਸ਼ੇਸ਼ ਨੂੰ ਮਰਦੇ ਹੋਏ ਵੇਖ ਸਕਦੇ ਹਾਂ। ਪਰ ਜਦੋਂ ਅਸੀਂ ਕਹਿੰਦੇ ਹਾਂ ਕਿ ਮਨੁੱਖ ਮਰਨਹਾਰ ਹੈ ਤਾਂ ਇਹ ਇੰਦਿਰਿਆਵੀ ਪਰਤੱਖ ਗਿਆਨ ਨਹੀਂ ਬਲਕਿ ਸਰਬਲੌਕਿਕ ਅਤੇ ਸਰਬਕਾਲਿਕ ਸਥਾਪਨਾ ਹੈ। ਇਸ ਤਰ੍ਹਾਂ ਦਾ ਮਨੁੱਖ-ਜਾਤੀ ਨਾਲ ਸੰਬੰਧਿਤ ਗਿਆਨ ਜਾਂ ਕਿਸੇ ਹੋਰ ਜਾਤੀ ਪ੍ਰਜਾਤੀ ਨਾਲ ਸੰਬੰਧਿਤ ਗਿਆਨ ਵਡੇਰਾ ਗਿਆਨ ਹੈ ਅਤੇ ਇਸ ਨੂੰ ਅਸੀਂ ਸੰਕਲਪਾਤਮਕ ਗਿਆਨ ਕਹਿੰਦੇ ਹਾਂ। ਇਹੋ ਗਿਆਨ ਹੀ ਪਰਿਭਾਸ਼ਾਵਾਂ ਘੜਦਾ ਹੈ। ਮਨੁੱਖ, ਨਦੀ, ਪਹਾੜ ਆਦਿ ਵਿਅਕਤੀ ਵਿਸ਼ੇਸ਼ ਨਹੀਂ ਇਕ ਜਾਤ ਹਨ, ਸੰਕਲਪ ਹਨ, ਜਿਨ੍ਹਾਂ ਦਾ ਨਿਰਮਾਣ ਜਾਤਗਤ ਇਕਰੂਪਤਾ ਨੂੰ ਅੰਗੀਕਾਰ ਕਰਨ ਅਤੇ ਭਿੰਨਤਾਵਾਂ ਨੂੰ ਤਿਆਗਣ ਨਾਲ ਹੁੰਦਾ ਹੈ। ਉਦਾਹਰਣ ਵਜੋਂ ਮਨੁੱਖ ਦੇ ਕਾਲੇ, ਗੋਰੇ, ਉੱਚੇ, ਬੌਣੇ ਹੋਣ ਬਾਰੇ ਨਾ ਸੋਚ ਕੇ ਜਦੋਂ ਅਸੀਂ ਇਨ੍ਹਾਂ ਸਾਰਿਆਂ ਵਿਚਲੀ ਬਿਬੇਕਸ਼ੀਲਤਾ ਬਾਰੇ ਸੋਚਦੇ ਹਾਂ ਜਿਹੜੀ ਕਿ ਇਨ੍ਹਾਂ ਸਾਰਿਆਂ ਵਿਚ ਹੈ ਤਾਂ ਇਹ ਆਮ ਗੁਣ ਹੀ ਮਨੁੱਖ ਦਾ ਸੰਕਲਪ ਬਣ ਜਾਂਦਾ ਹੈ। ਇਹ ਸੰਕਲਪ ਇੰਦਰੀਆਂ ਰਾਹੀਂ ਪਰਤੱਖ ਨਹੀਂ ਹੁੰਦਾ ਬਲਕਿ ਬੁੱਧੀ ਰਾਹੀਂ ਪਕੜ ਵਿਚ ਆਉਂਦਾ ਹੈ। ਗਿਆਨ ਸੰਬੰਧੀ ਸੁਕਰਾਤ ਦੀ ਇਹ ਮਾਨਤਾ ਉਸ ਤੋਂ ਪੂਰਬਲੇ ਸੋਫਿਸਟ ਵਿਚਾਰਕਾਂ ਦੇ ਵਿਰੁੱਧ ਹੈ। ਜੇਕਰ ਸੋਫਿਸਟਾਂ ਦੇ ਕਥਨ ਕਿ 'ਮਨੁੱਖ ਹੀ ਸਾਰੇ ਪਦਾਰਥਾਂ ਦਾ ਮਾਪਦੰਡ ਹੈ' ਨੂੰ ਸਹੀ ਮੰਨ ਲਿਆ ਜਾਏ ਤਾਂ ਇਹ ਵੀ ਮੰਨਣਾ ਪਏਗਾ ਕਿ ਸੰਸਾਰ ਦੇ ਜਿੰਨੇ ਮਨੁੱਖ ਹਨ ਸੱਚ ਵੀ ਉਨੇ ਪ੍ਰਕਾਰ ਦਾ ਹੀ ਹੋਵੇਗਾ। ਪਰੰਤੂ, ਦਰਅਸਲ ਸੱਚ ਦਾ ਗਿਆਨ ਵਿਅਕਤੀਗਤ ਨਹੀਂ ਬਲਕਿ ਸਰਬਲੋਕੀ ਅਤੇ ਸਰਬਕਾਲੀ ਹੁੰਦਾ ਹੈ। ਜਿਹੜਾ ਸਾਡੇ ਲਈ ਸੱਚ ਹੈ ਦੂਜਿਆਂ ਲਈ ਵੀ ਉਹ ਸੱਚ ਹੀ ਹੋਣਾ ਚਾਹੀਦਾ ਹੈ। ਜੇਕਰ ਦੋ ਅਤੇ ਦੋ ਸਾਡੇ ਲਈ ਚਾਰ ਹਨ ਤਾਂ ਦੂਜਿਆਂ ਲਈ ਵੀ ਉਹ ਚਾਰ ਹੀ ਹੋਣੇ ਚਾਹੀਦੇ ਹਨ।

ਸੁਕਰਾਤ ਦਾ ਗਿਆਨ, ਸਿਧਾਂਤ ਕੇਵਲ ਸਿਧਾਂਤਕ ਹੀ ਨਹੀਂ ਬਲਕਿ ਵਿਹਾਰਕ ਵੀ ਹੈ। ਉਸ ਅਨੁਸਾਰ ਧਰਮ ਅਤੇ ਗਿਆਨ ਪੂਰੀ ਤਰ੍ਹਾਂ ਇਕ-ਰੂਪ ਹੀ ਹਨ। ਗਿਆਨ ਹੀ ਧਰਮ ਹੈ ਅਤੇ ਧਰਮ ਹੀ ਗਿਆਨ ਹੈ। ਧਰਮ ਨੈਤਿਕ ਆਚਰਨ ਹੈ ਅਰਥਾਤ ਸਦਗੁਣਾਂ ਦਾ ਅਭਿਆਸ ਹੈ। ਪਰੰਤੂ ਸਦਗੁਣਾਂ ਦਾ ਅਭਿਆਸ ਉਦੋਂ ਤਕ ਨਹੀਂ ਕੀਤਾ ਜਾ ਸਕਦਾ ਜਦੋਂ ਤਕ ਸਦਗੁਣਾਂ ਦਾ ਗਿਆਨ ਨਾ ਹੋਵੇ। ਸਦਗੁਣਾਂ ਦਾ ਧਾਰਨੀ ਹੋਣ ਤੋਂ ਪਹਿਲਾਂ ਸਦਗੁਣਾਂ ਦਾ ਗਿਆਨ ਪਰਮ ਅਵੱਸ਼ਕ ਹੈ।

**ਸੁਕਰਾਤ ਦੇ ਰਾਜਨੀਤਕ ਵਿਚਾਰ** : ਸੁਕਰਾਤ ਦੇ ਅਨੁਸਾਰ ਰਾਜਨੀਤੀ ਇਕ ਕਲਾ ਹੈ; ਸੋਫਿਸਟਾਂ ਦੀ ਤਰ੍ਹਾਂ ਇਸ ਨੂੰ ਇਕ ਧੰਦਾ ਨਹੀਂ ਮੰਨਿਆ ਜਾਣਾ ਚਾਹੀਦਾ। ਕਲਾ ਨੂੰ ਹਮੇਸ਼ਾ ਸਾਧਨਾ ਪੂਰਬਕ ਸਿੱਖਣ ਦੀ ਲੋੜ ਹੁੰਦੀ ਹੈ। ਗਿਆਨਵਾਨ ਵਿਅਕਤੀ ਹੀ ਇਸ ਨੂੰ ਸਿੱਖ ਸਕਦਾ ਹੈ ਅਤੇ ਮੁਹਾਰਤ ਹਾਸਲ ਕਰ ਕੇ ਇਕ ਯੋਗ ਹਾਕਮ ਬਣ ਸਕਦਾ ਹੈ। ਇਸ ਤਰ੍ਹਾਂ ਯੋਗ ਹਾਕਮ ਇਕ ਕਲਾਕਾਰ ਦੇ ਸਮਾਨ ਹੈ। ਸੁਕਰਾਤ ਰਾਜਨੀਤੀ ਵਿਚ ਸਮਰੱਥਾ ਨੂੰ ਜ਼ਿਆਦਾ ਮਹੱਤਵ ਦਿੰਦਾ ਹੈ ਅਤੇ ਬਹੁਗਿਣਤੀ ਦੀ ਪਰਵਾਹ ਨਹੀਂ ਕਰਦਾ। ਸੁਕਰਾਤ ਯੂਨਾਨ ਵਿਚ ਉਨ੍ਹੀਂ ਦਿਨੀਂ ਪ੍ਰਚਲਿਤ ਲੋਕਤੰਤਰ ਦਾ ਬੜਾ ਵਿਰੋਧੀ ਸੀ। ਬਹੁਗਿਣਤੀ ਦੇ ਆਧਾਰ ਤੇ ਅਤਿ ਸਾਧਾਰਣ ਅਤੇ ਅਯੋਗ ਵਿਅਕਤੀ ਉੱਚੇ ਉੱਚੇ ਅਹੁਦਿਆਂ ਤੇ ਪੁਜ ਗਏ ਸਨ। ਇਸ ਨਾਲ ਰਾਜ ਵਿਚ ਭਾਰਾ ਸੰਕਟ ਸੀ। ਇਸ ਲਈ ਖੋਤੇ ਅਤੇ ਘੋੜੇ ਨੂੰ ਸਮਾਨ ਸਮਝਣ ਵਾਲੀ ਲੋਕਤੰਤਰ ਪ੍ਰਣਾਲੀ ਦਾ ਸੁਕਰਾਤ ਵਿਰੋਧੀ ਸੀ ਅਤੇ ਉਸ ਦੀ ਕਰੜੀ ਆਲੋਚਨਾ ਕਰਦਾ ਸੀ। ਉਸ ਅਨੁਸਾਰ ਬਹੁਗਿਣਤੀ ਦੇ ਆਧਾਰ ਤੇ ਉੱਚੇ ਅਹੁਦਿਆਂ ਤੇ ਪੁੱਜੇ ਵਿਅਕਤੀ ਨਿਆਂ ਵਰਗੇ ਜ਼ਰੂਰੀ ਕੰਮ ਨਾ ਕਰ ਕੇ ਆਮ ਜਨਤਾ ਨੂੰ ਖ਼ੁਸ਼ ਕਰਨ ਵਾਲੇ ਸਸਤੇ ਕੰਮ ਹੀ ਕਰੀ ਜਾਂਦੇ ਹਨ। ਫਲਸਰੂਪ ਸਮਾਜ ਗਿਰਾਵਟ ਵਲ ਤੁਰਿਆ ਜਾਂਦਾ ਹੈ। ਮਹਾਤਮਾ ਸੁਕਰਾਤ ਦੇ ਅਨੁਸਾਰ ਜਦੋਂ ਜੁਤੀਆਂ ਗੰਢਣ ਵਾਸਤੇ ਇਕ ਸਿਖਲਾਈ ਪ੍ਰਾਪਤ ਮੋਚੀ ਅਤੇ ਲਕੜੀ ਦਾ ਕੰਮ ਕਰਨ ਵਾਸਤੇ ਇਕ ਕਾਰੀਗਰ ਦੀ ਲੋੜ ਹੁੰਦੀ ਹੈ ਤਾਂ ਰਾਜ ਦੇ ਠੀਕ ਸੰਚਾਲਨ ਲਈ ਵੀ ਪ੍ਰਸ਼ਾਸਨਿਕ ਕਲਾ ਵਿਚ ਨਿਪੁੰਨ ਵਿਅਕਤੀਆਂ ਦੀ ਲੋੜ ਕਿਉਂ ਨਹੀਂ ਹੈ ? ਸੁਕਰਾਤ ਦੇ ਅਨੁਸਾਰ ਪਰਜਾਤੰਤਰ ਦੇ ਬਦਲੇ ਬੁਧੀਮਾਨ

ਕੁਲੀਨ ਤੰਤਰ ਜ਼ਿਆਦਾ ਲਾਭਦਾਇਕ ਹੈ। ਕੁਲੀਨ ਤੰਤਰ ਹੀ ਰਾਜ ਦੇ ਨਿਯਮਾਂ ਕਾਨੂੰਨਾਂ ਨੂੰ ਚੰਗੀ ਤਰ੍ਹਾਂ ਸਮਝ ਸਕਦਾ ਹੈ ਅਤੇ ਉਨ੍ਹਾਂ ਅਨੁਸਾਰ ਰਾਜ ਨੂੰ ਚਲਾ ਸਕਦਾ ਹੈ। ਰਾਜ ਦੇ ਨਿਯਮਾਂ-ਕਾਨੂੰਨਾਂ ਨੂੰ ਸੁਕਰਾਤ ਰੱਬੀ ਹੁਕਮ ਮੰਨਦਾ ਸੀ।

**ਪਲੈਟੋ** (428 ਈ.ਪੂ.–347 ਈ.ਪੂ.)

ਸੁਕਰਾਤ ਦਾ ਸਭ ਤੋਂ ਬੁਧੀਮਾਨ ਅਤੇ ਨਜ਼ਦੀਕੀ ਸ਼ਾਗਿਰਦ ਪਲੈਟੋ ਹਰ ਪੱਖੋਂ ਪ੍ਰਤਿਭਾ ਸੰਪੰਨ ਵਿਅਕਤੀ ਸੀ। ਪੱਛਮੀ ਜਗਤ ਵਿਚ ਸਭ ਤੋਂ ਪਹਿਲਾਂ ਇਕ ਸੁਘੜ ਰੂਪ ਵਿਚ ਫਲਸਫਾ ਪੇਸ਼ ਕਰਨ ਵਾਲਾ ਪਲੈਟੋ ਹੀ ਸੀ। ਇਸ ਨੇ ਮਨੋਵਿਗਿਆਨ, ਤੱਤ ਵਿਗਿਆਨ, ਨੀਤੀ ਵਿਗਿਆਨ, ਧਰਮ ਸ਼ਾਸਤ੍ਰ ਅਤੇ ਸੁਹਜ ਵਿਗਿਆਨ ਆਦਿ ਸਾਰੇ ਸ਼ਾਸਤਰਾਂ ਤੇ ਉਚਿਤ ਰੂਪ ਵਿਚ ਵਿਚਾਰ ਕੀਤਾ।

ਪਲੈਟੋ ਦਾ ਜਨਮ ਏਥਨਜ਼ ਦੇ ਲਾਗੇ ਏਜਿਨਾ (Aegina) ਨਾਮਕ ਟਾਪੂ ਵਿਚ ਹੋਇਆ। ਇਸ ਦਾ ਪਰਿਵਾਰ ਸਾਮੰਤਸ਼ਾਹੀ ਪਰਿਵਾਰ ਸੀ ਅਤੇ ਇਸ ਦੇ ਮਾਤਾ-ਪਿਤਾ ਪੇਰਿਕਟੋਨ ਅਤੇ ਅਰਿਸਟੋਨ ਪ੍ਰਸਿੱਧ ਵਿਅਕਤੀ ਸਨ। ਪਲੈਟੋ ਅਜੇ ਬੱਚਾ ਹੀ ਸੀ ਕਿ ਇਸ ਦੇ ਪਿਤਾ ਅਰਿਸਟੋਨ ਦੀ ਮੌਤ ਹੋ ਗਈ ਅਤੇ ਇਸ ਨੂੰ ਇਸ ਦੇ ਮਤਰਏ ਪਿਤਾ ਪਾਦਰੀ ਲੈਂਪੀਜ਼ ਨੇ ਪਾਲਿਆ। ਪਹਿਲਾਂ ਪਲੈਟੋ ਨੇ ਸੰਗੀਤ, ਕਵਿਤਾ, ਚਿੱਤਰਕਲਾ ਦਾ ਅਧਿਐਨ ਕੀਤਾ। ਬਾਅਦ ਵਿਚ ਈ.ਪੂ. 404 ਵਿਚ ਇਹ ਸੁਕਰਾਤ ਦੇ ਸੰਪਰਕ ਵਿਚ ਆਇਆ ਅਤੇ ਸੁਕਰਾਤ ਦੇ ਜੀਵਨ ਦੇ ਅਖ਼ੀਰਲੇ ਪਲਾਂ ਤਕ ਸੁਕਰਾਤ ਦੇ ਸ਼ਾਗਿਰਦ ਦੇ ਰੂਪ ਵਿਚ ਉਸ ਦੇ ਨਾਲ ਰਿਹਾ। ਸੁਕਰਾਤ ਦੀ ਮੌਤ ਤੋਂ ਬਾਅਦ ਪਰਜਾਤੰਤਰ ਨਾਲ ਪਲੈਟੋ ਨੂੰ ਨਫ਼ਰਤ ਹੋ ਗਈ। ਪਲੈਟੋ ਨੇ ਮੇਗਾਰਾ, ਮਿਸਰ, ਇਟਲੀ ਅਤੇ ਸਿਸਲੀ ਆਦਿ ਦੇਸਾਂ ਦੀ ਯਾਤਰਾ ਕੀਤੀ ਅਤੇ ਅਖ਼ੀਰ ਵਿਚ ਏਥਨਜ਼ ਵਿਚ ਹੀ 'ਅਕਾਦਮੀ' ਦੀ ਸਥਾਪਨਾ ਕੀਤੀ ਜਿਥੇ ਇਹ ਆਪਣੇ ਜੀਵਨ ਦੇ ਅੰਤ ਤਕ ਅਕਾਦਮੀ ਦੇ ਮੁਖੀ ਵਜੋਂ ਕੰਮ ਕਰਦਾ ਰਿਹਾ। 347 ਈ.ਪੂ. ਵਿਚ ਪਲੈਟੋ ਦਾ ਦੇਹਾਂਤ ਹੋ ਗਿਆ। ਪਲੈਟੋ ਦੀਆਂ ਰਚਨਾਵਾਂ ਵਿਚੋਂ ਇਸ ਦੇ 'ਸੰਬਾਦ' ਵਿਸ਼ੇਸ਼ ਰੂਪ ਵਿਚ ਜ਼ਿਕਰ ਕਰਨ ਦੇ ਯੋਗ ਹਨ। ਪਲੈਟੋ ਨੇ 35 'ਸੰਬਾਦਾਂ' ਦੀ ਰਚਨਾ ਕੀਤੀ ਮੰਨੀ ਜਾਂਦੀ ਹੈ।


www.punjabilibrary.com

**ਗਿਆਨ-ਸਿਧਾਂਤ**—ਪਲੈਟੋ ਦੇ ਹੋਰ ਸਾਰੇ ਵਿਚਾਰ ਉਸ ਦੇ ਗਿਆਨ-ਸਿਧਾਂਤ ਤੇ ਆਧਾਰਿਤ ਹਨ, ਇਸ ਲਈ ਪਲੈਟੋ ਦਾ ਗਿਆਨ-ਸਿਧਾਂਤ ਬਹੁਤ ਹੀ ਮਹੱਤਵਪੂਰਨ ਹੈ। ਇਸ ਸਿਧਾਂਤ ਦੇ ਦੋ ਪੱਖ ਹਨ—ਮੰਡਨ ਪੱਖ ਅਤੇ ਖੰਡਨ ਪੱਖ। ਖੰਡਨ ਪੱਖ ਵਿਚ ਪਲੈਟੋ ਦਸਦਾ ਹੈ ਕਿ ਗਿਆਨ ਕੀ ਨਹੀਂ ਹੈ। ਇਸ ਪੱਖ ਵਿਚ ਇੰਦਰਿਆਵੀ ਗਿਆਨ ਦਾ ਖੰਡਨ ਹੈ। ਮੰਡਨ ਜਾਂ ਵਿਧੀ ਪੱਖ ਵਿਚ ਪਲੈਟੋ ਦਸਦਾ ਹੈ ਕਿ ਬੌਧਿਕ ਗਿਆਨ ਹੀ ਅਸਲੀ ਗਿਆਨ ਹੈ ਅਤੇ ਇਸ ਤਰ੍ਹਾਂ ਉਹ ਸੁਕਰਾਤ ਦੇ ਇਸ ਕਥਨ ਦੀ ਪੁਸ਼ਟੀ ਕਰਦਾ ਹੈ ਕਿ ਗਿਆਨ ਸੰਕਲਪਜਨਿਤ ਜਾਂ ਸੰਕਲਪਾਤਮਕ (All knowledge is knowledge through Concepts) ਹੈ। ਗਿਆਨ ਨੂੰ ਸੰਕਲਪਾਤਮਕ ਮੰਨ ਕੇ ਪਲੈਟੋ ਸਪੱਸ਼ਟ ਰੂਪ ਵਿਚ ਸੋਫਿਸਟਾਂ ਦੇ ਗਿਆਨ ਦੇ ਸੰਵੇਦਨਾਤਮਕ ਸਰੂਪ ਦਾ ਖੰਡਨ ਕਰਦਾ ਹੈ। ਗਿਆਨ ਨੂੰ ਸੰਵੇਦਨਾਤਮਕ ਮੰਨਣ ਦੇ ਕਾਰਨ ਸੋਫਿਸਟ ਗਿਆਨ ਨੂੰ ਇੰਦਰਿਆਵੀ ਗਿਆਨ ਮੰਨਦੇ ਸਨ ਅਤੇ ਏਸੇ ਕਾਰਨ ਗਿਆਨ ਨੂੰ ਵਿਅਕਤੀਗਤ ਅਹਿਸਾਸ ਦਾ ਵਿਸ਼ਾ ਮੰਨਦੇ ਸਨ। ਵਿਅਕਤੀਗਤ ਹੋਣ ਕਾਰਨ ਗਿਆਨ ਆਤਮਗਤ (Subjective) ਹੋ ਜਾਂਦਾ ਹੈ ਅਤੇ ਉਸ ਵਿਚ ਨਿਰਲੇਪਤਾ ਨਹੀਂ ਰਹਿੰਦੀ। ਪਲੈਟੋ ਦੇ ਅਨੁਸਾਰ ਗਿਆਨ ਸਰਬਜਨੀਨ ਹੈ ਅਤੇ ਸੱਚ ਵਸਤੂਗਤ (Objective) ਹੁੰਦਾ ਹੈ। ਏਸੇ ਕਾਰਨ ਹੀ ਗਿਆਨ ਸੰਕਲਪਾਤਮਕ ਹੈ ਅਰਥਾਤ ਸਾਰਿਆਂ ਲਈ ਸਮਾਨ ਹੈ। ਇਸ ਤਰ੍ਹਾਂ ਪਲੈਟੋ ਨੇ ਬੇਸ਼ਕ ਸੁਕਰਾਤ ਦੇ ਹੀ ਗਿਆਨ ਸਿਧਾਂਤ ਦਾ ਹੋਰ ਵਿਸਤਾਰ ਕਰ ਕੇ ਉਸਦੀ ਪੁਸ਼ਟੀ ਕੀਤੀ ਹੈ ਪਰ ਇਹ ਸਪੱਸ਼ਟ ਹੈ ਕਿ ਸੁਕਰਾਤ ਅਨੁਸਾਰ ਸੰਕਲਪ ਕੇਵਲ ਮਾਨਸਿਕ ਹਨ ਅਤੇ ਪਲੈਟੋ ਅਨੁਸਾਰ ਇਹ ਹਕੀਕਤ ਹਨ। ਹਕੀਕਤ ਤੋਂ ਭਾਵ ਇਹ ਹੈ ਕਿ ਸੰਕਲਪ ਕੇਵਲ ਮਾਨਸਿਕ ਵਿਚਾਰ ਹੀ ਨਹੀਂ ਹਨ ਬਲਕਿ ਬਾਹਰੀ ਠੋਸ ਪਦਾਰਥ ਹਨ ਜਿਨ੍ਹਾਂ ਨੂੰ ਪਲੈਟੋ 'ਵਿਗਿਆਨ' (Idea) ਕਹਿੰਦਾ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸੁਕਰਾਤ ਦੇ ਸੰਕਲਪ ਪਲੈਟੋ ਦੇ 'ਵਿਗਿਆਨ' ਦਾ ਰੂਪ ਧਾਰਨ ਕਰ ਲੈਂਦੇ ਹਨ।

**ਵਿਗਿਆਨ-ਸਿਧਾਂਤ** (Theory of Ideas)—ਪਲੈਟੋ ਦੇ ਦਰਸ਼ਨ ਦਾ ਸਭ ਤੋਂ ਮਹੱਤਵਪੂਰਨ ਸਿਧਾਂਤ ਉਸ ਦਾ ਵਿਗਿਆਨਵਾਦ ਹੈ। ਬੇਸ਼ਕ ਇਸ

ਸਿਧਾਂਤ ਦਾ ਜਨਮਦਾਤਾ ਸੁਕਰਾਤ ਹੈ ਪਰ ਪਲੈਟੋ ਨੇ ਇਸ ਸਿਧਾਂਤ ਨੂੰ ਵਿਕਸਿਤ ਕਰ ਕੇ ਪੂਰਨ ਵਿਗਿਆਨਵਾਦ ਬਣਾਇਆ। ਸੁਕਰਾਤ ਦੇ ਅਨੁਸਾਰ ਸੰਕਲਪ (Concept) ਕੇਵਲ ਵਿਚਾਰਾਂ ਨੂੰ ਨਿਯਮਿਤ ਰਖਦੇ ਹਨ, ਇਸ ਲਈ ਵਿਚਾਰਾਂ ਦਾ ਮਾਪਦੰਡ ਸੰਕਲਪ ਹੈ। ਪਲੈਟੋ ਨੇ ਸੁਕਰਾਤ ਦੇ ਮਾਨਸਿਕ ਸੰਕਲਪਾਂ ਨੂੰ ਇਕ ਹਕੀਕਤ ਦੇ ਰੂਪ ਵਿਚ ਵੇਖਿਆ ਅਤੇ ਇਨ੍ਹਾਂ ਨੂੰ ਠੋਸ ਪਦਾਰਥਾਂ ਅਤੇ ਸੁਤੰਤਰ ਰੂਪਾਂ ਵਿਚ ਮਨ ਤੋਂ ਬਾਹਰ ਸਥਿਤ ਸਮਝਿਆ ਅਤੇ ਸਮਝਾਇਆ। ਪਦਾਰਥਾਂ ਤੋਂ ਵਖਰੇ ਇਨ੍ਹਾਂ ਸੁਤੰਤਰ ਰੂਪਾਂ ਨੂੰ ਪਲੈਟੋ ਵਿਗਿਆਨ (Idea) ਕਹਿੰਦਾ ਹੈ। ਦਰਅਸਲ ਵਿਗਿਆਨਵਾਦ ਤੱਤ ਸੰਬੰਧੀ ਸਿਧਾਂਤ ਹੈ ਜਿਸਦੇ ਅਨੁਸਾਰ ਵਿਗਿਆਨ ਕੇਵਲ ਮਾਨਸਿਕ ਵਿਚਾਰ ਹੀ ਨਹੀਂ ਬਲਕਿ ਬਾਹਰੀ ਜਗਤ ਦੀਆਂ ਵਸਤਾਂ ਦਾ ਠੋਸ ਤੱਤ ਹੈ।

**ਪਰਮ ਚੰਗਿਆਈ ਦਾ ਸਿਧਾਂਤ** (Idea of the Good)—ਪਲੈਟੋ ਦੇ ਅਨੁਸਾਰ ਪਰਮ ਚੰਗਿਆਈ ਹੀ ਪਰਮ ਤੱਤ ਹੈ। ਇਹ ਸੰਸਾਰ ਦਾ 'ਪੂਰਨ ਆਦਰਸ਼' ਜਾਂ 'ਮੂਲ ਬਿੰਬ' ਹੈ ਅਤੇ ਸਾਰਾ ਜਗਤ ਏਸੇ ਦਾ ਪ੍ਰਤੀਬਿੰਬ ਹੈ। ਇਹੀ ਸ੍ਰਿਸ਼ਟੀ ਦਾ ਪ੍ਰਯੋਜਨ ਜਾਂ ਉਦੇਸ਼ ਹੈ। ਸੰਸਾਰ ਦੇ ਸਾਰੇ ਪਦਾਰਥ ਅਪੂਰਨ ਹਨ ਅਤੇ ਵਿਕਾਸ ਕਰ ਕੇ ਪੂਰਨ ਆਦਰਸ਼ ਵਲ ਵਧ ਰਹੇ ਹਨ। ਏਸੇ ਲਈ ਪਲੈਟੋ ਸ੍ਰਿਸ਼ਟੀ ਦੇ ਵਿਕਾਸ ਨੂੰ ਪ੍ਰਯੋਜਨ-ਪੂਰਨ ਮੰਨਦਾ ਹੈ। ਪਰਮ ਚੰਗਿਆਈ ਜਾਂ ਪਰਮ ਤੱਤ ਹੀ ਇਸ ਵਿਕਾਸ ਦਾ ਸਿਖਰ ਹੈ। ਗਿਆਨ ਮੀਮਾਂਸਾ ਦੀ ਦ੍ਰਿਸ਼ਟੀ ਤੋਂ ਇਹੀ ਪਰਮ ਚੰਗਿਆਈ ਪਰਮ ਗਿਆਨ ਹੈ ਅਤੇ ਕਦਰਾਂ ਕੀਮਤਾਂ ਦੀ ਦ੍ਰਿਸ਼ਟੀ ਤੋਂ ਇਹੀ ਸਾਰੀਆਂ ਕਦਰਾਂ ਕੀਮਤਾਂ ਦਾ ਪੈਮਾਨਾ ਹੈ। ਪਲੈਟੋ ਪਰਮ ਚੰਗਿਆਈ ਦੇ ਵਿਗਿਆਨ ਨੂੰ ਅਕੱਥ ਮੰਨਦਾ ਹੈ। ਪਰਮ ਚੰਗਿਆਈ ਸਤਿ, ਅਸਤਿ ਤੋਂ ਪਰੇ ਹੈ ਅਤੇ ਸਤਿ ਅਸਤਿ ਪਦਾਰਥਾਂ ਦਾ ਮੂਲ ਆਧਾਰ ਵੀ ਹੈ। ਪਲੈਟੋ ਆਪਣੇ ਸੰਬਾਦ 'ਰਿਪਬਲਿਕ' ਵਿਚ ਪਰਮ ਚੰਗਿਆਈ ਨੂੰ ਇਕ ਰੋਚਕ ਉਦਾਹਰਣ ਰਾਹੀਂ ਸਮਝਾਉਂਦਾ ਹੈ। ਮੰਨ ਲਉ ਕੁਝ ਵਿਅਕਤੀ ਹਨੇਰੀ ਗੁਫ਼ਾ ਵਿਚ ਬਚਪਨ ਤੋਂ ਹੀ ਰਹਿ ਰਹੇ ਹਨ। ਇਨ੍ਹਾਂ ਸਾਰਿਆਂ ਨੂੰ ਇਸ ਤਰ੍ਹਾਂ ਜਕੜਿਆ ਹੋਇਆ ਹੈ ਕਿ ਉਹ ਹਿਲ ਨਹੀਂ ਸਕਦੇ ਸਿਰਫ਼ ਸਾਹਮਣੇ ਵੇਖ ਸਕਦੇ ਹਨ। ਗੁਫ਼ਾ ਦਾ ਮੂੰਹ ਪ੍ਰਕਾਸ਼ ਵਲ ਹੈ। ਵਿਅਕਤੀਆਂ ਦੇ ਪਿਛਲੇ ਪਾਸੇ ਕੁਝ ਦੂਰੀ ਤੇ ਅੱਗ ਬਲ ਰਹੀ ਹੈ ਅਤੇ ਆਪਣੀਆਂ ਛਾਵਾਂ ਨੂੰ ਵਿਅਕਤੀ

ਸਾਹਮਣੇ ਵੇਖ ਰਹੇ ਹਨ। ਇਨ੍ਹਾਂ ਵਿਚੋਂ ਜੇਕਰ ਕਿਸੇ ਇਕ ਵਿਅਕਤੀ ਨੂੰ ਖੋਲ੍ਹ ਦਿੱਤਾ ਜਾਵੇ ਅਤੇ ਉਸਨੂੰ ਅੱਗ ਦੀ ਰੌਸ਼ਨੀ ਵਿਖਾਈ ਜਾਵੇ ਤਾਂ ਸਭ ਤੋਂ ਪਹਿਲਾਂ ਕੁਝ ਸਮੇਂ ਲਈ ਉਹ ਵਿਅਕਤੀ ਹੈਰਾਨੀ ਨਾਲ ਹੱਕਾ-ਬੱਕਾ ਰਹਿ ਜਾਏਗਾ। ਉਸ ਦੀਆਂ ਅੱਖਾਂ ਪ੍ਰਕਾਸ਼ ਵੇਖ ਨਹੀਂ ਸਕਣਗੀਆਂ ਕਿਉਂਕਿ ਅਜੇ ਤਕ ਉਹ ਕੇਵਲ ਪ੍ਰਕਾਸ਼ ਦੀ ਛਾਇਆ ਹੀ ਵੇਖਦਾ ਰਿਹਾ ਹੁੰਦਾ ਹੈ। ਕੁਝ ਅਭਿਆਸ ਤੋਂ ਬਾਅਦ ਹੀ ਉਹ ਉਸਨੂੰ ਵੇਖ ਸਕੇਗਾ। ਏਸੇ ਤਰ੍ਹਾਂ ਦਾ ਅਨੁਭਵ ਸੰਸਾਰਕ ਵਿਅਕਤੀਆਂ ਨੂੰ ਪਰਮ ਚੰਗਿਆਈ ਦੇ ਦਰਸ਼ਨ ਦੌਰਾਨ ਹੋ ਸਕਦਾ ਹੈ। ਇਹ ਸਰਬ ਆਧਾਰੀ ਚੰਗਿਆਈ ਹੀ ਪਰਮ ਤੱਤ ਹੈ ਅਤੇ ਭਾਰਤੀ ਦਰਸ਼ਨ ਦੇ ਬ੍ਰਹਮ ਦੀ ਤਰ੍ਹਾਂ ਅਗਮ ਅਤੇ ਅਗੋਚਰ ਹੈ। ਏਥੇ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇਕਰ ਪਰਮ ਚੰਗਿਆਈ ਹੀ ਸਰਬਉੱਚ ਗਿਆਨ, ਸਰਬਉੱਚ ਕਦਰ ਕੀਮਤ ਹੈ ਤਾਂ ਪਲੈਟੋ ਦੇ ਫਲਸਫੇ ਵਿਚ ਈਸ਼ਵਰ ਦਾ ਕੀ ਥਾਂ ਹੈ?

ਹੋਰਨਾਂ ਈਸ਼ਵਰਵਾਦੀਆਂ ਵਾਂਗ ਪਲੈਟੋ ਵੀ ਈਸ਼ਵਰ ਨੂੰ ਜਗਤ ਦਾ ਕਰਤਾ ਮੰਨਦਾ ਹੈ। ਪਰੰਤੂ ਪਲੈਟੋ ਦਾ ਈਸ਼ਵਰ ਥੋੜ੍ਹਾ ਭਿੰਨ ਪ੍ਰਕਾਰ ਦਾ ਹੈ ਅਤੇ ਇਸਨੂੰ ਅਸੀਂ ਵਿਸ਼ਵਕਰਮਾ (Demi-urge) ਕਹਿ ਸਕਦੇ ਹਾਂ। ਇਹ ਇਕ ਕਲਾਕਾਰ ਵਾਂਗ ਕੇਵਲ ਸਿਰਜਨਾ ਹੀ ਨਹੀਂ ਕਰਦਾ ਬਲਕਿ ਸੰਸਾਰ ਵਿਚ ਇਕ ਸਮਤੋਲ ਅਤੇ ਵਿਵਸਥਾ ਵੀ ਰੱਖਦਾ ਹੈ। ਜਿਸ ਤਰ੍ਹਾਂ ਕੋਈ ਕਲਾਕਾਰ ਕਿਸੇ ਮੂਰਤੀ ਨੂੰ ਕਿਸੇ ਸਾਂਚੇ ਵਿਚ ਢਾਲਦਾ ਹੈ ਉਸੇ ਤਰ੍ਹਾਂ ਪਲੈਟੋ ਦਾ ਈਸ਼ਵਰ ਵੀ ਵਿਗਿਆਨ ਰੂਪੀ ਸਦੀਵੀ ਸਾਂਚੇ ਤੋਂ ਇੰਦਰਿਆਵੀ ਜਗਤ ਦੀ ਰਚਨਾ ਕਰਦਾ ਹੈ। ਈਸ਼ਵਰ ਇਸ ਜਗਤ ਦਾ ਨਿਮਿਤ ਕਾਰਨ (efficient-cause) ਹੈ ਅਤੇ ਵਿਗਿਆਨ ਇਸ ਵਿਸ਼ਵ ਦਾ ਸਰੂਪ ਕਾਰਨ (formal cause) ਹੈ। ਵਿਗਿਆਨ ਰੂਪੀ ਨਿੱਤ ਬਿੰਬਾਂ ਨੂੰ ਆਦਰਸ਼ ਮੰਨ ਕੇ ਹੀ ਈਸ਼ਵਰ ਉਸਦੇ ਅਨੁਸਾਰ ਪ੍ਰਤੀਬਿੰਬਾਂ (ਸੰਸਾਰਕ ਪਦਾਰਥਾਂ) ਦੀ ਰਚਨਾ ਕਰਦਾ ਹੈ।

**ਆਤਮਾ :** ਪਲੈਟੋ ਅਨੁਸਾਰ ਆਤਮਾ 'ਜੀਵਨ ਸ਼ਕਤੀ' ਹੈ। ਸਰੀਰ ਦੀ ਗਤੀ ਅਤੇ ਕਿਰਿਆਸ਼ੀਲਤਾ ਦਾ ਕਾਰਨ ਆਤਮਾ ਹੀ ਹੈ। ਇਹ ਸੰਪੂਰਨ ਕੁਦਰਤ ਵਿਚ ਗਤੀ ਦਾ ਮੂਲ ਕਾਰਨ ਹੈ। ਕੁਦਰਤ ਦੇ ਸਾਰੇ ਪਦਾਰਥ ਜੜ੍ਹ ਹੋਣ ਕਾਰਨ ਗਤੀਹੀਨ ਹਨ। ਆਤਮਾ ਕੇਵਲ ਗਤੀ ਦਾ ਹੀ ਕਾਰਨ ਨਹੀਂ

ਹੈ ਬਲਕਿ ਬਬੇਕ ਦਾ ਵੀ ਆਧਾਰ ਹੈ। ਬਬੇਕ ਦਾ ਕਾਰਨ ਹੋਣ ਕਰਕੇ ਆਤਮਾ ਦਾ ਸੰਬੰਧ ਵਿਗਿਆਨ ਨਾਲ ਹੈ ਅਤੇ ਗਤੀ ਦਾ ਕਾਰਨ ਹੋਣ ਕਰਕੇ ਆਤਮਾ ਦਾ ਸੰਬੰਧ ਇੰਦਰਿਆਵੀ ਸੰਸਾਰ ਨਾਲ ਵੀ ਹੈ। ਇਸ ਲਈ ਵਿਗਿਆਨ ਜਗਤ ਅਤੇ ਵਸਤੂ ਜਗਤ ਦੋਹਾਂ ਦਾ ਆਧਾਰ ਆਤਮਾ ਹੀ ਹੈ। ਪਲੈਟੋ ਆਤਮਾ ਨੂੰ ਵਿਸ਼ਵ ਆਤਮਾ (World Soul) ਦੇ ਸਮਾਨ ਦਸਦਾ ਹੈ ਪਰੰਤੂ ਵਿਸ਼ਵ ਆਤਮਾ ਦੇ ਸਮਾਨ ਇਹ ਪੂਰਨ ਅਤੇ ਅਸੀਮ ਨਹੀਂ ਹੈ। ਆਤਮਾ ਦੇ ਸੁਭਾਅ ਦੀ ਵਿਆਖਿਆ ਲਈ ਪਲੈਟੋ ਰਾਜ ਦੀ ਉਪਮਾ ਦਿੰਦਾ ਹੈ। ਰਾਜ ਦੇ ਸਮਾਨ ਆਤਮਾ ਵੀ ਇਕ (Organism) ਹੈ। ਵਿਅਕਤੀ ਦੀ ਚੰਗਿਆਈ ਰਾਜ ਦੀ ਚੰਗਿਆਈ ਦੇ ਰੂਪ ਵਿਚ ਪ੍ਰਤੀਬਿੰਬਤ ਹੁੰਦੀ ਹੈ। ਵਿਅਕਤੀ ਦਾ ਅੰਤਰਦਵੰਦ ਰਾਜ ਦੇ ਅੰਤਰਦਵੰਦ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਰਾਜ ਤਿੰਨ ਤਰ੍ਹਾਂ ਦਾ ਹੈ: ਰਾਜਤੰਤਰ, ਕੁਲੀਨ ਤੰਤਰ ਅਤੇ ਲੋਕਤੰਤਰ। ਮਨੁੱਖ ਵੀ ਤਿੰਨ ਤਰ੍ਹਾਂ ਦੇ ਹਨ—ਜਿਨ੍ਹਾਂ ਵਿਚ ਬਬੇਕ ਬੁੱਧੀ ਦੀ ਪ੍ਰਧਾਨਤਾ ਹੁੰਦੀ ਹੈ ਉਹ ਸੁਰਖਿਅਕ (Guardians) ਹਨ, ਜਿਨ੍ਹਾਂ ਵਿਚ ਬਲ ਦੀ ਪ੍ਰਧਾਨਤਾ ਹੈ ਉਹ ਸੈਨਿਕ (Soldiers) ਅਤੇ ਜਿਨ੍ਹਾਂ ਵਿਚ ਕਿਰਿਆ ਦੀ ਪ੍ਰਧਾਨਤਾ ਹੈ ਉਹ ਘਾੜੇ (Artisan) ਕਹਾਉਂਦੇ ਹਨ। ਪਹਿਲੀ ਸ਼੍ਰੇਣੀ ਦੇ ਵਿਅਕਤੀ ਸੋਨੇ ਦੇ, ਦੂਜੇ ਚਾਂਦੀ ਦੇ ਅਤੇ ਤੀਜੀ ਕਿਸਮ ਦੇ ਵਿਅਕਤੀ ਪਿੱਤਲ ਜਾਂ ਲੋਹੇ ਦੇ ਹਨ। ਇਸੇ ਹੀ ਤਰ੍ਹਾਂ ਜੀਵਾਤਮਾ ਦੇ ਵੀ ਤਿੰਨ ਭਾਗ ਹਨ—ਬੁੱਧੀ (cognition), ਸੰਕਲਪ (conation) ਅਤੇ ਸੰਵੇਦਨਾ (affection) ਹੈ। ਬੁੱਧੀ ਦਾ ਧਰਮ ਗਿਆਨ (wisdom) ਹੈ, ਸੰਕਲਪ ਦਾ ਧਰਮ ਬਲ (courage) ਹੈ ਅਤੇ ਸੰਵੇਦਨਾ ਦਾ ਧਰਮ ਕਿਰਿਆ (action) ਹੈ। ਪਲੈਟੋ ਦੇ ਅਨੁਸਾਰ ਆਤਮਾ ਅਮਰ, ਅਵਿਨਾਸ਼ੀ, ਸਦੀਵੀ ਅਤੇ ਚੇਤਨ ਸਰੂਪ ਹੈ।

ਆਤਮਾ ਨੂੰ ਅਮਰ ਮੰਨਣ ਦੇ ਕਾਰਨ ਹੀ ਪਲੈਟੋ ਪੁਨਰ-ਜਨਮ ਨੂੰ ਮੰਨਦਾ ਹੈ ਅਤੇ ਕਹਿੰਦਾ ਹੈ ਕਿ ਸਰੀਰ ਦੀ ਮਿਰਤੂ ਤੋਂ ਬਾਅਦ ਆਤਮਾ ਵਿਗਿਆਨਾਂ ਦੇ ਲੋਕ ਵਿਚ ਚਲੀ ਜਾਂਦੀ ਹੈ। ਜਿਹੜੇ ਵਿਅਕਤੀ ਇਸ ਸੰਸਾਰ ਵਿਚ ਪੁੰਨ ਕਰਦੇ ਹਨ ਉਨ੍ਹਾਂ ਦੀ ਆਤਮਾ ਦਿੱਬ ਲੋਕ ਵਿਚ ਨਿਵਾਸ ਕਰਦੀ ਹੈ ਅਤੇ ਪਾਪੀ ਨੂੰ ਮੁੜ ਇਸ ਸੰਸਾਰ ਵਿਚ ਜਨਮ ਲੈਣਾ ਪੈਂਦਾ ਹੈ। ਪਲੈਟੋ

ਦਾ ਆਤਮਾ ਸੰਬੰਧੀ ਮਤ ਆਰਫਿਕ ਧਰਮ (Orphic Religion) ਤੋਂ ਪ੍ਰਭਾਵਿਤ ਹੈ ਜਿਸਦੇ ਅਨੁਸਾਰ ਸਰੀਰ ਨੂੰ ਆਤਮਾ ਦਾ ਬੰਦੀ-ਘਰ ਦਸਿਆ ਗਿਆ ਹੈ। ਸ਼ੁੱਧ ਗਿਆਨ ਦੁਆਰਾ ਹੀ ਇਸ ਬੰਧਨ ਦਾ ਨਾਸ ਸੰਭਵ ਹੈ ਅਤੇ ਬੰਧਨ ਦੇ ਨਾਸ ਤੋਂ ਬਾਅਦ ਹੀ ਦੇਵ ਲੋਕ ਦੀ ਪ੍ਰਾਪਤੀ ਹੁੰਦੀ ਹੈ। ਸਰੀਰਕ ਅਵਸਥਾ ਵਿਚ ਜਿਹੜੀ ਆਤਮਾ ਪ੍ਰੇਮ ਅਤੇ ਸੁਹਜ ਨੂੰ ਅਪਨਾਉਂਦੀ ਹੈ ਉਸ ਵਿਚ ਸਵਰਗ ਪੁਜਣ ਲਈ ਖੰਭ ਪੈਦਾ ਹੋ ਜਾਂਦੇ ਹਨ ਅਤੇ ਉਥੇ ਪਹੁੰਚ ਕੇ ਆਤਮਾ ਸਦੀਵੀ ਵਿਗਿਆਨਾਂ ਦਾ ਸਾਖਿਆਤਕਾਰ ਕਰਦੀ ਹੈ।

ਰਾਜ ਕਾਜ ਨੂੰ ਠੀਕ ਤਰ੍ਹਾਂ ਚਲਾਈ ਰੱਖਣ ਵਾਸਤੇ ਪਲੈਟੋ ਆਪਣੇ 'ਰਿਪਬਲਿਕ' ਵਿਚ ਕਹਿੰਦਾ ਹੈ ਕਿ ਸੁਰਖਿਅਕ, ਸੈਨਿਕਾਂ ਅਤੇ ਕਾਰੀਗਰਾਂ ਤਿੰਨਾਂ ਨੂੰ ਹੀ ਆਪਣੇ ਆਪਣੇ ਖੇਤਰ ਵਿਚ ਕੰਮ ਕਰਨ ਦੀ ਖੁਲ੍ਹ ਹੋਣੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਇਕ ਦੂਜੇ ਦੇ ਕੰਮਾਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ।


www.punjabilibrary.com

# ਜੀਵਨ ਅਤੇ ਸ਼ਖ਼ਸੀਅਤ

ਅਰਸਤੂ (384-322 ਈ.ਪੂ.) ਦੇ ਪਿਤਾ ਦਾ ਨਾਂ ਨੀਕੋਮੈਕਸ ਅਤੇ ਮਾਂ ਦਾ ਨਾਂ ਫੀਸਟਿਸ (Phaestis) ਸੀ। ਨੀਕੋਮੈਕਸ ਮਕਦੂਨੀਆ ਦੇ ਰਾਜਾ ਐਮਨਤਸ ਦਾ ਦਰਬਾਰੀ ਵੈਦ ਸੀ। ਅਰਸਤੂ ਦਾ ਜਨਮ ਚੈਲਸੀਡਾਈਸ ਦੇ ਸਟੈਗੀਰਾ (ਆਧੁਨਿਕ ਸਟੈਵਰੋ) ਨਾਮਕ ਛੋਟੇ ਜਿਹੇ ਸ਼ਹਿਰ ਵਿਚ 384 ਈ.ਪੂ. ਵਿਚ ਹੋਇਆ ਸੀ। ਨੀਕੋਮੈਕਸ ਮਹਾਨ ਕਵੀ ਐਸਕਲੇਪਿਆਡ (Asclepiade) ਦੇ ਕਬੀਲੇ ਜਾਂ ਬਿਰਾਦਰੀ ਨਾਲ ਸੰਬੰਧਿਤ ਸੀ ਅਤੇ ਸਰ ਡੇਵਿਡ ਰਾਸ ਦੇ ਅਨੁਸਾਰ ਇੰਜ ਲਗਦਾ ਹੈ ਕਿ ਇਹ ਪਰਿਵਾਰ 8ਵੀਂ-7ਵੀਂ ਸਦੀ ਈ.ਪੂ. ਵਿਚ ਮੈਸੇਨਿਆ (Messenia) ਤੋਂ ਚਲ ਕੇ ਸਟੈਗੀਰਾ ਆ ਵਸਿਆ ਸੀ। ਇਹ ਬਹੁਤ ਹੀ ਨਿਗੂਣੀ ਜਿਹੀ ਸਟੇਟ ਸੀ, ਪਰ ਹੋਰ ਵੀ ਕਈ ਪ੍ਰਤਿਭਾਵਾਨ ਗ੍ਰੀਕ ਫਿਲਾਸਫਰ ਅਤੇ ਸਾਇੰਸਦਾਨ ਹਨ, ਜਿਹੜੇ ਆਰਥਿਕ ਪਖੋਂ ਮਾਮੂਲੀ ਸਟੇਟਾਂ ਵਿਚ ਹੀ ਪੈਦਾ ਹੋਏ ਹਨ। ਉਦਾਹਰਣ ਵਜੋਂ ਅਣੂਵਾਦੀ ਡੀਮੋਕਰੇਟਸ ਵੀ ਸਟੈਗੀਰਾ ਦੇ ਨਾਲ ਲਗਦੇ ਮਾਮੂਲੀ ਜਿਹੇ ਕਸਬੇ ਅਬਦਰਾ (Abdera) ਵਿਚ ਹੀ ਪੈਦਾ ਹੋਇਆ ਸੀ। ਅਰਸਤੂ ਅਜੇ ਬੱਚਾ ਹੀ ਸੀ ਕਿ ਉਸ ਦੇ ਪਿਤਾ ਦਾ ਦਿਹਾਂਤ ਹੋ ਗਿਆ ਤੇ ਇਸ ਦਾ ਪਾਲਣ ਪੋਸ਼ਣ ਪਰੌਕਸੀਨਸ (Proxenus) ਨਾਮਕ ਇਕ ਰਿਸ਼ਤੇਦਾਰ ਨੇ ਕੀਤਾ। ਉਸ ਨੇ ਹੀ ਅਰਸਤੂ ਨੂੰ ਅਠਾਰਾਂ ਵਰ੍ਹਿਆਂ ਦੀ ਉਮਰ ਵਿਚ ਏਥਨਜ਼ ਭੇਜ ਦਿਤਾ। ਜਿਥੇ 367 ਈ.ਪੂ. ਵਿਚ ਅਰਸਤੂ ਨੇ ਪਲੈਟੋ ਦੀ ਅਕੈਡਮੀ (Academy) ਵਿਚ ਦਾਖ਼ਲਾ ਲੈ ਲਿਆ। ਅਕੈਡਮੀ ਵਿਚ ਅਰਸਤੂ ਪਲੈਟੋ ਦੀ ਮੌਤ ਤਕ ਅਰਥਾਤ 347 ਈ.ਪੂ. ਤਕ ਰਿਹਾ ਅਤੇ ਇਨ੍ਹਾਂ 20 ਸਾਲਾਂ ਦੌਰਾਨ ਅਰਸਤੂ ਪੜ੍ਹਨ ਦੇ ਨਾਲ ਨਾਲ ਪੜ੍ਹਾਉਂਦਾ ਵੀ ਰਿਹਾ। ਇਹ ਮੰਨਿਆ ਜਾਂਦਾ ਹੈ ਕਿ ਅਰਸਤੂ ਆਇਸੋਕਰੇਟਸ (Isocrates) ਦੇ ਮੁਕਾਬਲੇ ਤੇ ਅਲੰਕਾਰ-ਸ਼ਾਸਤਰ (Rhetoric) ਪੜ੍ਹਾਉਂਦਾ ਸੀ। ਉਸ ਸਮੇਂ ਏਥਨਜ਼ ਵਿਚ ਦੋ ਪਰਸਪਰ ਵਿਰੋਧੀ

ਸਕੂਲ ਸਨ ਜਿਸ ਵਿਚੋਂ ਸੋਫਿਸਟਾਂ ਨਾਲ ਸੰਬੰਧਿਤ ਇਕ ਸਕੂਲ ਵਿਚ ਆਈਸੋਕਰੇਟਸ (ਪੜ੍ਹਾਉਂਦਾ) ਸੀ ਅਤੇ ਦੂਸਰੇ ਅਰਥਾਤ ਪਲੈਟੋ ਦੀ ਅਕੈਡਮੀ ਵਿਚ ਅਰਸਤੂ ਅਲੰਕਾਰ ਸ਼ਾਸਤਰ ਪੜ੍ਹਾਉਂਦਾ ਸੀ। ਜ਼ੇਨੋਕਰੇਟਸ ਵੀ ਪਲੈਟੋ ਦਾ ਇਕ ਪ੍ਰਤਿਭਾਵਾਨ ਵਿਦਿਆਰਥੀ ਸੀ ਪਰ ਪਲੈਟੋ ਅਰਸਤੂ ਨੂੰ ਆਪਣੀ ਅਕੈਡਮੀ ਦਾ ਦਿਮਾਗ਼ (The mind of the School) ਕਿਹਾ ਕਰਦਾ ਸੀ। ਜ਼ੇਨੋਕਰੇਟਸ (Xenocrates) ਦੀ ਅਰਸਤੂ ਨਾਲ ਤੁਲਨਾ ਕਰਦਾ ਹੋਇਆ ਪਲੈਟੋ ਕਹਿੰਦਾ ਹੈ ਕਿ 'ਇਕ ਨੂੰ ਅੱਡੀ ਲਾਉਣ ਦੀ ਲੋੜ ਹੈ ਜਦ ਕਿ ਦੂਜੇ ਲਈ ਲਗਾਮ ਦੀ ਵਰਤੋਂ ਕਰਨੀ ਪੈਂਦੀ ਹੈ'—"The one needed a spur, the other a bridle."

ਪਲੈਟੋ ਦੀ ਮੌਤ 347 ਈ.ਪੂ. ਵਿਚ ਹੋਈ ਅਤੇ ਉਸ ਤੋਂ ਬਾਅਦ ਉਸ ਦਾ ਭਤੀਜਾ ਪਯੂਸੀਪਸ (Speusippus) ਅਕੈਡਮੀ ਦਾ ਮੁਖੀ ਬਣਿਆ। ਅਰਸਤੂ ਪਯੂਸੀਪਸ ਤੋਂ ਅਸੰਤੁਸ਼ਟ ਸੀ ਕਿਉਂਕਿ ਉਹ ਪਲੈਟੋਵਾਦ ਦੇ ਪ੍ਰਤੀਨਿਧ ਦੇ ਰੂਪ ਵਿਚ 'ਫਲਸਫੇ ਨੂੰ ਗਣਿਤ' ਵਿਚ ਤਬਦੀਲ ਕਰਨ ਦੇ ਆਹਰ ਵਿਚ ਸੀ। ਅਰਸਤੂ ਨੂੰ ਇਹ ਪਸੰਦ ਨਹੀਂ ਸੀ। ਦਰਅਸਲ ਪਲੈਟੋ ਦੀ ਮੌਤ ਤੋਂ ਬਾਅਦ ਤਾਂ ਪਲੈਟੋ ਦੇ ਬਹੁਤੇ ਪ੍ਰਭਾਵਸ਼ਾਲੀ ਵਿਦਿਆਰਥੀ ਇਧਰ ਉਧਰ ਖਿਲਰ ਗਏ ਸਨ ਪਰ ਦਯੂਰਿੰਗ (Düring) ਪ੍ਰਾਚੀਨ ਜੀਵਨ ਬਿਰਤਾਂਤਾਂ ਦੇ ਆਧਾਰ ਤੇ ਕਹਿੰਦਾ ਹੈ ਕਿ ਅਰਸਤੂ 347 ਈ.ਪੂ. ਦੀ ਬਸੰਤ ਰੁੱਤ ਵਿਚ ਹੀ ਪਲੈਟੋ ਦੇ ਮਰਨ ਤੋਂ ਪਹਿਲਾਂ ਹੀ ਏਥਨਜ਼ ਛੱਡ ਗਿਆ ਸੀ। ਤਾਂ ਵੀ ਅਰਸਤੂ ਅਤੇ ਜ਼ੇਨੋਕਰੇਟਸ ਦੋਵੇਂ ਹੀ ਅਕੈਡਮੀ ਛੱਡ ਗਏ ਅਤੇ ਐਸਸ (Assos) ਦੇ ਰਾਜਾ ਦੇ ਬੁਲਾਵੇ ਤੇ ਉਸ ਦੇ ਕੋਲ ਚਲੇ ਗਏ। ਰਾਜਾ ਹਰਮਿਆਸ (Hermias) ਅਰਸਤੂ ਦਾ ਰਹਿ ਚੁਕਿਆ ਜਮਾਤੀ ਅਤੇ ਪਹਿਲਾਂ ਇਕ 'ਦਾਸ' ਸੀ। ਆਪਣੀ ਹਿੰਮਤ ਨਾਲ ਹੀ ਹਰਮਿਆਸ (Hermias) ਮਾਈਸਿਆ (Mysia) ਵਿਚਲੇ ਇਲਾਕੇ ਅਟਰਾਨਿਊਸ (Atarneus) ਅਤੇ ਐਸਸ (Assos) ਦਾ ਸ਼ਾਸਕ ਬਣ ਗਿਆ ਸੀ। ਉਸਨੇ ਉਥੇ ਪਲੈਟੋਵਾਦੀਆਂ ਦਾ ਇਕ ਗਰੁਪ ਬਣਾ ਰਖਿਆ ਸੀ ਅਤੇ ਹੁਣ ਅਰਸਤੂ ਵੀ ਉਨ੍ਹਾਂ ਵਿਚ ਸ਼ਾਮਲ ਹੋ ਗਿਆ। ਏਥੇ ਅਰਸਤੂ ਨੇ ਤਿੰਨ ਸਾਲ ਬਿਤਾਏ ਅਤੇ ਹਰਮਿਆਸ ਦੀ ਭਤੀਜੀ ਪਿਥੀਆਸ (Pythias) ਨਾਲ ਵਿਆਹ

ਕਰਵਾਇਆ ਜਿਸ ਤੋਂ ਉਸ ਦੇ ਘਰ ਉਸੇ ਹੀ ਨਾਂ ਦੀ ਇਕ ਪੁੱਤਰੀ ਪੈਦਾ ਹੋਈ।

ਅਰਸਤੂ ਨੇ ਜਦੋਂ ਪਿਥੀਆਸ ਨਾਲ ਵਿਆਹ ਕੀਤਾ ਤਾਂ ਅਰਸਤੂ 35 ਵਰ੍ਹਿਆਂ ਤੋਂ ਜ਼ਿਆਦਾ ਉਮਰ ਦਾ ਸੀ ਪਰੰਤੂ ਇਹ ਵਿਆਹ ਉਸ ਦੇ ਆਪਣੇ ਸਿਧਾਂਤ ਦੇ ਅਨੁਰੂਪ ਹੀ ਸੀ ਕਿਉਂਕਿ ਅਰਸਤੂ ਦਾ ਕਹਿਣਾ ਸੀ ਕਿ ਵਿਆਹ ਸਮੇਂ ਪੁਰਸ਼ ਨੂੰ 37 ਸਾਲ ਦੀ ਉਮਰ ਦਾ ਅਤੇ ਲੜਕੀ ਨੂੰ 18 ਸਾਲ ਦੀ ਉਮਰ ਦਾ ਹੋਣਾ ਠੀਕ ਹੈ। ਉਸਦੇ ਇਸ ਤਰਕ ਦਾ ਆਧਾਰ ਉਸਦੇ ਸਮਾਜ ਸ਼ਾਸਤਰੀ, ਜੀਵ ਵਿਗਿਆਨਕ ਅਤੇ ਨੈਤਿਕਤਾ ਨਾਲ ਸੰਬੰਧਿਤ ਸਿਧਾਂਤ ਸਨ ਜਿਨ੍ਹਾਂ ਰਾਹੀਂ ਉਸ ਨੇ ਦਸਿਆ ਕਿ ਇਸਤਰੀ ਅਤੇ ਪੁਰਖ ਦੀ ਪ੍ਰਜਨਨ ਸ਼ਕਤੀ ਨਾਲ ਨਾਲ ਖ਼ਤਮ ਹੋਣੀ ਚਾਹੀਦੀ ਹੈ। ਪੁਰਖ ਅਤੇ ਇਸਤਰੀ ਵਿਚ ਪ੍ਰਜਨਨ ਸ਼ਕਤੀ ਦੇ ਖ਼ਾਤਮੇ ਦੀ ਉਮਰ ਉਹ 70 ਅਤੇ 50 ਸਾਲ ਦੀ ਉਮਰ ਮੰਨਦਾ ਹੈ। ਉਸਦੇ ਪ੍ਰਜਨਨ ਸਿਧਾਂਤ ਤੋਂ ਇਕ ਗੱਲ ਸਪੱਸ਼ਟ ਹੈ ਕਿ ਅਰਸਤੂ ਇਸਤਰੀ ਨੂੰ ਅਧੂਰਾ ਮਨੁੱਖ ਮੰਨਦਾ ਹੈ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਵੀ ਅਰਸਤੂ ਇਸਤਰੀ ਨੂੰ ਤਰਕਸ਼ੀਲ ਬੌਧਿਕਤਾ ਪੱਖੋਂ ਵੀ ਮਾੜਾ ਹੀ ਮੰਨਦਾ ਹੈ; ਹਾਲਾਂਕਿ ਉਹ ਇਹ ਵੀ ਮੰਨਦਾ ਹੈ ਕਿ ਇਸਤਰੀ ਇਕਦਮ ਇਸ ਤੋਂ ਵਿਹੀਨ ਵੀ ਨਹੀਂ ਹੁੰਦੀ ਜਿਵੇਂ ਕਿ ਇਕ ਗੁਲਾਮ (ਦਾਸ) ਹੁੰਦਾ ਹੈ। ਇਸਤਰੀ ਦੇ ਫ਼ੈਸਲੇ ਪੱਕੇ ਅਤੇ ਅਧਿਕਾਰ ਪੂਰਨ ਨਹੀਂ ਹੁੰਦੇ। ਉਸ ਦਾ ਪਤੀ ਹੀ ਉਸ ਨੂੰ ਮਾਰਗ-ਦਰਸ਼ਨ ਦਿੰਦਾ ਹੈ ਅਤੇ ਇਸ ਤਰ੍ਹਾਂ ਪਤੀ ਅਤੇ ਪਤਨੀ ਵਿਚਲੇ ਗੁਣ ਵਖੋ ਵਖ ਹੁੰਦੇ ਹਨ। ਪਤੀ ਦੀ ਗੁਣਸ਼ੀਲਤਾ ਉਸ ਦੇ ਹੁਕਮ ਕਰਨ ਵਿਚ ਹੈ ਅਤੇ ਪਤਨੀ ਦੀ ਹੁਕਮ ਮੰਨਣ ਵਿਚ। ਅਰਸਤੂ ਦੇ ਨੀਤੀ ਸ਼ਾਸਤਰ ਵਿਚ ਪਤੀ-ਪਤਨੀ ਦੀ ਮਿੱਤਰਤਾ ਦਾ ਆਧਾਰ ਉਪਯੋਗਿਤਾ ਹੈ ਅਤੇ ਜਾਂ ਫਿਰ ਲਾਭ ਲੈਣ ਵਾਲੇ ਅਤੇ ਲਾਭ ਦੇਣ ਵਾਲੇ ਦੇ ਸਮਾਨ ਹੈ। 'ਨੀਕੋਮੈਕੀਅਨ ਐਥਿਕਸ' ਵਿਚ ਇਹ ਸਪੱਸ਼ਟ ਹੈ ਕਿ ਪਤੀ-ਪਤਨੀ ਦੀ ਮਿੱਤਰਤਾ, ਉਪਯੋਗਿਤਾ ਅਤੇ ਸਰੀਰਕ ਸੁਖ ਦਾ ਬੱਝਵਾਂ ਰੂਪ ਹੈ। ਉਹ ਇਕ ਦੂਜੇ ਦੇ ਗੁਣਾਂ ਦਾ ਵੀ ਆਨੰਦ ਮਾਣ ਸਕਦੇ ਹਨ ਭਾਵੇਂ ਇਹ ਗੁਣ ਵੱਖ ਵੱਖ ਹੀ ਹੋਣ। ਮੋਟੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਅਰਸਤੂ ਇਸਤਰੀਆਂ ਤੇ ਆਪਣੀ ਭਲਾਈ ਲਈ ਸੋਚਣ ਬਾਰੇ ਵੀ ਵਿਸ਼ਵਾਸ ਨਹੀਂ ਕਰਦਾ। ਨਮੂਨੇ

ਵਜੋਂ, ਉਹ ਗਰਭਵਤੀ ਇਸਤਰੀਆਂ ਲਈ ਕਸਰਤ ਜ਼ਰੂਰੀ ਮੰਨਦਾ ਹੈ ਅਤੇ ਇਸ ਲਈ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਸਲਾਹ ਦਿੰਦਾ ਹੈ ਕਿ ਉਹ ਅਜਿਹੀਆਂ ਔਰਤਾਂ ਨੂੰ ਆਦੇਸ਼ ਦੇਣ ਕਿ ਉਹ ਬੱਚੇ ਦੀ ਪੈਦਾਇਸ਼ ਨਾਲ ਸੰਬੰਧਿਤ ਦੇਵਤੇ ਦੇ ਮੰਦਰ ਤਕ ਦੀ ਰੋਜ਼ ਯਾਤਰਾ ਕਰਿਆ ਕਰਨ। ਅਰਸਤੂ ਅਜਿਹਾ ਚਾਹੁੰਦਾ ਹੈ ਪਰ ਇਸ ਦਾ ਕਾਰਨ ਨਹੀਂ ਦੱਸਦਾ।

ਐਸਸ ਤੋਂ ਬਾਅਦ 345 ਈ.ਪੂ. ਵਿਚ ਅਰਸਤੂ ਲੈਸਬੌਸ (Lesbos) ਦੀਪ ਦੇ ਮਿਟੀਲੇਨ (Mitylene) ਨਾਮਕ ਸਥਾਨ ਉਤੇ ਚਲਾ ਗਿਆ। ਅਰਸਤੂ ਦੇ ਏਥੇ ਜਾਣ ਦੇ ਕਾਰਨ ਬਾਰੇ ਤਾਂ ਨਿਸਚਿਤ ਰੂਪ ਵਿਚ ਕੁਝ ਵੀ ਨਹੀਂ ਕਿਹਾ ਜਾ ਸਕਦਾ ਪਰ ਇਹ ਸਮਝਿਆ ਜਾਂਦਾ ਹੈ ਕਿ ਥਿਓਫਰੇਸਟਸ (Theophrastus) ਨਾਮਕ ਉਸ ਦੇ ਇਕ ਸਾਥੀ ਵਿਦਵਾਨ ਨੇ ਅਰਸਤੂ ਲਈ ਰਹਿਣ ਦਾ ਪ੍ਰਬੰਧ ਕੀਤਾ ਸੀ। ਅਰਸਤੂ ਦੇ ਜੀਵ ਵਿਗਿਆਨ ਨਾਲ ਸੰਬੰਧਤ ਲੇਖਾਂ ਵਿਚ ਆਏ ਬਿਓਰਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਪ੍ਰਾਣੀ ਵਿਗਿਆਨ ਨਾਲ ਸੰਬੰਧਿਤ ਉਸ ਦੀਆਂ ਖੋਜਾਂ ਏਥੇ ਬਿਤਾਏ ਸਮੇਂ ਦੀਆਂ ਹਨ। 343-42 ਈ.ਪੂ. ਵਿਚ ਮਕਦੂਨੀਆ ਦੇ ਰਾਜਾ ਫਿਲਿਪ ਨੇ ਆਪਣੇ 13 ਸਾਲਾਂ ਦੇ ਪੁੱਤਰ ਸਿਕੰਦਰ (Alexander) ਨੂੰ ਪੜ੍ਹਾਉਣ ਲਈ ਅਰਸਤੂ ਨੂੰ ਨਿਯੁਕਤ ਕਰ ਲਿਆ। ਅਰਸਤੂ ਖ਼ੁਦ ਮਕਦੂਨੀਆ ਦਰਬਾਰ ਨਾਲ ਪੁਰਾਣੇ ਸੰਬੰਧਾਂ ਨੂੰ ਸੁਰਜੀਤ ਕਰਨਾ ਚਾਹੁੰਦਾ ਸੀ। ਨਾਲ ਹੀ ਨਾਲ ਜਿਵੇਂ ਕਿ ਉਸਦੀ ਰਚਨਾ 'ਪਾਲਿਟਿਕਸ' ਤੋਂ ਸਪੱਸ਼ਟ ਹੈ, ਆਉਣ ਵਾਲੇ ਸ਼ਾਸਕਾਂ ਨੂੰ ਸ਼ਾਸਨ ਕਰਨ ਲਈ ਸਿਖਿਅਤ ਕਰਨਾ ਵੀ ਉਸਦੀ ਰੁਚੀ ਹੋ ਗਈ ਸੀ। ਉਸ ਨੇ ਇਸ ਨਿਯੁਕਤੀ ਨੂੰ ਖਿੜੇ ਮੱਥੇ ਪਰਵਾਨ ਕਰ ਲਿਆ। ਉਸਦੀ ਇਸ ਨਿਯੁਕਤੀ ਨੇ ਸ਼ਾਹੀ ਦਰਬਾਰ ਵਿਚ ਉਸਦੇ ਅਸਰ ਰਸੂਖ਼ ਨੂੰ ਕਾਫ਼ੀ ਵਧਾਇਆ। ਉਸ ਨੇ ਆਪਣੇ ਵਿਦਿਆਰਥੀ ਨੂੰ ਕੀ ਸਿਖਿਆ ਦਿਤੀ ਇਸ ਬਾਰੇ ਕੋਈ ਖ਼ਾਸ ਵੇਰਵਾ ਤਾਂ ਨਹੀਂ ਮਿਲਦਾ ਪਰੰਤੂ ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਉਸ ਸਮੇਂ ਦੀ ਗ੍ਰੀਕ ਸਿਖਿਆ ਪ੍ਰਣਾਲੀ ਦੇ ਅਨੁਰੂਪ, ਅਰਸਤੂ ਨੇ ਪ੍ਰਸਿੱਧ ਯੂਨਾਨੀ ਕਵੀ ਹੋਮਰ ਅਤੇ ਹੋਰ ਨਾਟਕਕਾਰਾਂ ਬਾਰੇ ਸਿਕੰਦਰ ਨੂੰ ਗਿਆਨ ਦਿੱਤਾ ਹੋਵੇਗਾ। ਇਹ ਵੀ ਕਿਹਾ ਜਾਂਦਾ ਹੈ ਕਿ ਅਰਸਤੂ ਨੇ ਸਿਕੰਦਰ ਲਈ 'ਇਲਿਅਡ' ਦੇ ਮੂਲ ਪਾਠ ਦੀ ਵੀ ਸੁਧਾਈ ਕੀਤੀ। ਅਰਸਤੂ ਨੇ ਆਪਣੇ

ਵਿਦਿਆਰਥੀ ਲਈ 'ਮੋਨਾਰਕੀ' (ਰਾਜਸ਼ਾਹੀ) ਅਤੇ 'ਕਾਲੋਨੀਜ਼' (Colonies) ਨਾਮਕ ਰਚਨਾਵਾਂ ਲਿਖੀਆਂ, ਜਿਹੜੀਆਂ ਕਿ ਭਵਿੱਖ ਦੇ ਮਹਾਨ ਵਿਜੇਤਾ ਲਈ ਕਾਫ਼ੀ ਲਾਭਦਾਇਕ ਰਹੀਆਂ ਹੋਣਗੀਆਂ।

ਸਿਕੰਦਰ ਦੀ ਪ੍ਰਤਿਭਾ ਦਾ ਝੁਕਾਅ ਪੜ੍ਹਾਈ ਵਲ ਜ਼ਿਆਦਾ ਨਾ ਹੋ ਕੇ ਕਾਰਜਸ਼ੀਲਤਾ ਵਲ ਵਧੇਰੇ ਸੀ। ਆਪਣੇ ਇਸ ਝੁਕਾਅ ਦੀ ਪੂਰਤੀ ਲਈ ਮਕਦੂਨੀਆ ਦੀਆਂ ਸੀਮਾਵਾਂ ਉਸ ਨੂੰ ਛੋਟੀਆਂ ਲਗਦੀਆਂ ਸਨ। ਉਹ ਦੁਨੀਆਂ ਦੀ ਜਿੱਤ ਦੇ ਸੁਪਨੇ ਲੈਣ ਲਗ ਪਿਆ ਅਤੇ ਅਸੀਂ ਵੇਖਦੇ ਹਾਂ ਕਿ ਉਹ ਕਾਫ਼ੀ ਹੱਦ ਤਕ ਇਸ ਵਿਚ ਕਾਮਯਾਬ ਵੀ ਹੋਇਆ। ਅਰਸਤੂ ਅਤੇ ਸਿਕੰਦਰ ਵਿਚਾਲੇ ਸੰਪਰਕ ਸੰਬੰਧ ਕਿਸੇ ਨਾ ਕਿਸੇ ਰੂਪ ਵਿਚ ਚਲਦਾ ਤਾਂ ਅਵੱਸ਼ ਰਿਹਾ ਪਰ ਕੋਈ ਵੀ ਅਜਿਹਾ ਸੰਕੇਤ ਨਹੀਂ ਮਿਲਦਾ ਜਿਸ ਤੋਂ ਇਹ ਸਿੱਧ ਹੋ ਸਕੇ ਕਿ ਦੋਹਾਂ ਵਿਚਕਾਰ ਕੋਈ ਡੂੰਘੀ ਨੇੜਤਾ ਸੀ। 340 ਈ.ਪੂ. ਵਿਚ ਸਿਕੰਦਰ ਦੀ ਆਪਣੇ ਪਿਤਾ ਦੀ ਥਾਂ ਰੀਜੈਂਟ ਦੇ ਤੌਰ ਤੇ ਨਿਯੁਕਤੀ ਨਾਲ ਸਿਕੰਦਰ ਦੇ ਵਿਦਿਆਰਥੀ ਜੀਵਨ ਦਾ ਅੰਤ ਹੋ ਗਿਆ ਅਤੇ ਇਸ ਤੋਂ ਬਾਅਦ ਅਰਸਤੂ ਮੁੜ ਸਟੈਗੀਰਾ ਵਿਖੇ ਚਲਾ ਗਿਆ। ਪੰਜ ਸਾਲ ਅਰਸਤੂ ਨੇ ਸਟੈਗੀਰਾ ਵਿਖੇ ਹੀ ਬਿਤਾਏ। ਏਸੇ ਦੌਰਾਨ 339 ਈ.ਪੂ. ਵਿਚ ਪਯੂਸੀਪਸ ਗੁਜ਼ਰ ਗਿਆ ਅਤੇ ਹੇਰਾਕਲਾਈਟਸ ਪੌਂਟੀਕਸ ਅਤੇ ਮੈਨਡੀਮਸ ਆਦਿ ਦੇ ਵਿਰੋਧ ਦੇ ਬਾਵਜੂਦ ਜ਼ੇਨੋਕਰੇਟਸ 'ਅਕੈਡਮੀ' ਦਾ ਮੁਖੀ ਬਣ ਗਿਆ।

335 ਈ.ਪੂ. ਵਿਚ ਅਰਸਤੂ ਏਥਨਜ਼ ਮੁੜ ਆਇਆ ਅਤੇ ਉਥੇ ਉਸ ਨੇ ਸ਼ਹਿਰ ਦੇ ਉਤਰੀ-ਪੂਰਬੀ ਭਾਗ ਦੇ ਨਾਲ ਹੀ ਇਕ ਜਿਮਨੇਜ਼ੀਅਮ ਵਿਚ ਲੀਸਿਯਮ (Lyceum) ਨਾਮਕ ਸਕੂਲ ਅਰੰਭ ਕੀਤਾ। ਇਥੇ ਅਰਸਤੂ ਨੇ ਰੁਝੇਵਿਆਂ ਭਰਿਆ ਬਾਰਾਂ ਸਾਲ ਦਾ ਸਮਾਂ ਬਤੀਤ ਕੀਤਾ। ਸਵੇਰ ਦੇ ਸਮੇਂ ਉਹ ਚੋਣਵੇਂ ਉਚੇਰੀ ਸਿਖਿਆ ਦੇ ਵਿਦਿਆਰਥੀਆਂ ਨੂੰ ਪੜ੍ਹਾਉਂਦਾ ਸੀ ਅਤੇ ਬਾਅਦ ਦੁਪਹਿਰ ਵੱਡੇ ਗਰੁਪ ਵਿਚ ਹੋਰਨਾਂ ਨੂੰ ਪੜ੍ਹਾਉਂਦਾ ਸੀ। ਪੜ੍ਹਾਉਣ ਦੇ ਸਮੇਂ ਤੁਰਦੇ ਫਿਰਦੇ ਰਹਿਣ ਦੀ ਅਰਸਤੂ ਦੀ ਆਦਤ ਦੇ ਕਾਰਨ ਅਰਸਤੂ ਦੇ ਸਕੂਲ ਦੇ ਵਿਦਿਆਰਥੀਆਂ ਨੂੰ ਪੈਰੀਪਟੈਟਿਕਸ (Peripetetics) ਕਿਹਾ ਜਾਂਦਾ ਸੀ। ਲੀਸਿਯਮ ਵਿਚਲੇ ਸਮੇਂ ਦੌਰਾਨ ਅਰਸਤੂ ਨੇ ਸੰਸਾਰ ਦੀਆਂ ਸਭ ਤੋਂ ਵਡੀਆਂ ਲਾਇਬ੍ਰੇਰੀਆਂ ਤੋਂ ਵੀ ਪਹਿਲਾਂ ਸੈਂਕੜੇ ਖਰੜੇ ਇਕੱਠੇ ਕੀਤੇ



www.punjabilibrary.com

ਅਤੇ ਇਹੀ ਬਾਅਦ ਵਿਚ ਮਿਸਰ ਦੇ ਸਿਕੰਦਰੀਆ ਵਰਗੇ ਪੁਸਤਕਾਲਿਆਂ ਲਈ ਨਮੂਨਾ ਸਾਬਤ ਹੋਇਆ। ਲੀਸਿਯਮ ਵਿਚ ਹੀ ਉਸ ਨੇ ਕਈ ਨਕਸ਼ੇ ਇਕੱਠੇ ਕੀਤੇ ਅਤੇ ਆਪਣੇ ਕੁਦਰਤ ਦੇ ਇਤਿਹਾਸ ਸੰਬੰਧੀ ਲੈਕਚਰਾਂ ਨੂੰ ਸਮਝਾਉਣ ਲਈ ਵਸਤੂਆਂ ਦਾ ਇਕ ਮਿਊਜ਼ਿਅਮ ਬਣਾਇਆ। ਕਿਹਾ ਜਾਂਦਾ ਹੈ ਕਿ ਸਿਕੰਦਰ ਨੇ ਉਸਨੂੰ 800 ਵਿਅਕਤੀ ਦਿਤੇ ਸਨ ਤਾਕਿ ਇਹ ਸਾਰਾ ਕੁਝ ਸੰਗ੍ਰਹਿ-ਰੂਪ ਵਿਚ ਇਕੱਠਾ ਕੀਤਾ ਜਾ ਸਕੇ। ਸਿਕੰਦਰ ਨੇ ਮਕਦੂਨੀਆ ਸਾਮਰਾਜ ਦੇ ਸਾਰੇ ਸ਼ਿਕਾਰੀਆਂ, ਚਿੜੀਮਾਰਾਂ ਅਤੇ ਮਛਆਰਿਆਂ ਨੂੰ ਵੀ ਇਹ ਆਦੇਸ਼ ਦੇ ਰਖੇ ਸਨ ਕਿ ਜੰਗਲੀ ਜੀਵਾਂ ਦੇ ਕਿਸੇ ਵੀ ਖ਼ਾਸ ਕਿਸਮ ਦੇ ਵਿਗਿਆਨਕ ਤੱਥ ਨੂੰ ਉਹ ਅਰਸਤੂ ਤਕ ਪੁਚਾਉਣ। ਸਰ ਡੇਵਿਡ ਰਾਸ ਦੇ ਅਨੁਸਾਰ ਇਹ ਗਿਣਤੀ ਕੁਝ ਵਧਾ ਚੜ੍ਹਾ ਕੇ ਦੱਸੀ ਗਈ ਲਗਦੀ ਹੈ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਬਾਰੇ ਅਰਸਤੂ ਦਾ ਗਿਆਨ ਇੰਨਾ ਵਧ ਨਹੀਂ ਲਗਦਾ ਜਿੰਨਾ ਇਨ੍ਹਾਂ ਆਦੇਸ਼ਾਂ ਦੇ ਫਲਸਰੂਪ ਹੋਣਾ ਚਾਹੀਦਾ ਸੀ। ਪਰ ਫਿਰ ਵੀ ਇਸ ਤਰ੍ਹਾਂ ਦੀ ਚਰਚਾ ਨਿਰਾਧਾਰ ਨਹੀਂ ਹੋ ਸਕਦੀ।

ਦਸਿਆ ਜਾਂਦਾ ਹੈ ਕਿ ਲੀਸਿਯਮ ਵਿਚ ਅਰਸਤੂ ਨੇ ਇਹ ਵਿਧਾਨ ਲਾਗੂ ਕੀਤਾ ਹੋਇਆ ਸੀ ਕਿ ਹਰ ਮੈਂਬਰ 10 ਦਿਨਾਂ ਤਕ ਪੂਰਨ ਪ੍ਰਬੰਧ ਦਾ ਜ਼ਿੰਮੇਵਾਰ ਅਧਿਕਾਰੀ ਮੰਨਿਆ ਜਾਏਗਾ ਅਤੇ ਹਰ ਬਾਹਰੋਂ ਆਉਣ ਵਾਲੇ ਵਿਅਕਤੀ ਲਈ ਮੁਖੀ ਦੇ ਤੌਰ ਤੇ ਪੇਸ਼ ਹੋਏਗਾ। ਮਹੀਨੇ ਵਿਚ ਇਕ ਵਾਰਾਂ ਇਕੱਠੇ ਖਾਣ ਦੀ ਅਤੇ ਸਿੰਪੋਜ਼ਿਅਮ ਦਾ ਪ੍ਰਬੰਧ ਕਰਨ ਦੀ ਵੀ ਪ੍ਰਥਾ ਸੀ। ਅਰਸਤੂ ਦੀਆਂ ਪ੍ਰਾਪਤ ਰਚਨਾਵਾਂ ਦਰਅਸਲ ਉਸਦੇ ਲੈਕਚਰਾਂ ਦੇ ਸੰਖੇਪ ਨੋਟਸ ਹਨ ਜਿਹੜੇ ਉਸਨੇ ਲੀਸਿਯਮ ਵਿਚ ਗੁਜ਼ਾਰੇ ਸਮੇਂ ਵਿਚ ਤਿਆਰ ਕੀਤੇ ਸਨ। ਦਰਅਸਲ ਅਰਸਤੂ ਦੇ ਏਥਨਜ਼ ਪਰਤ ਆਉਣ ਦੇ ਸਮੇਂ ਵਿਚ ਹੀ ਉਸ ਦੀ ਸਿਕੰਦਰ ਨਾਲੋਂ ਦੂਰੀ ਵਧਣੀ ਸ਼ੁਰੂ ਹੋ ਗਈ ਸੀ। ਅਰਸਤੂ ਰਾਜੇ ਦੇ ਵਿਹਾਰ ਤੋਂ ਦੁਖੀ ਅਤੇ ਗੁੱਸੇ ਸੀ। ਫਾਰਸ ਦੀ ਜਿੱਤ ਤੋਂ ਬਾਅਦ ਸਿਕੰਦਰ ਨੇ ਤਾਜ, ਸ਼ਾਹੀ ਲਿਬਾਸ ਪਹਿਨਣਾ ਸ਼ੁਰੂ ਕਰ ਦਿੱਤਾ ਸੀ ਅਤੇ ਹਾਰੇ ਹੋਏ ਦਾਰਿਊਸ (Darius) ਦੀ ਰਿਆਸਤ ਵੀ ਜ਼ਬਤ ਕਰ ਲਈ ਸੀ। ਉਸਦਾ ਦਰਬਾਰ ਹੁਣ ਪੂਰਬੀ ਸ਼ਾਨੋ ਸ਼ੌਕਤ ਦਾ ਨਮੂਨਾ ਬਣਦਾ ਜਾ ਰਿਹਾ ਸੀ। ਮਿਸਰ ਵਿਚ ਅਮਨ (Ammon) ਨਾਮਕ ਮੰਦਰ ਨੇ ਉਸ ਨੂੰ ਜ਼ੀਅਸ (Zeus)

ਦਾ ਪੁੱਤਰ ਐਲਾਨ ਦਿੱਤਾ ਸੀ ਅਤੇ ਸਿਕੰਦਰ ਇਹ ਚਾਹੁੰਦਾ ਸੀ ਕਿ ਹੁਣ ਜਿਹੜਾ ਵੀ ਉਸਦੇ ਸਾਹਮਣੇ ਹਾਜ਼ਰ ਹੋਵੇ ਉਹ ਸਿਕੰਦਰ ਨੂੰ ਦੈਵੀ ਆਦਰ ਦੇਵੇ। ਉਸ ਨੇ ਇਕ ਬੈਕਟਰੀਅਨ ਅਤੇ ਦੋ ਫਾਰਸੀ ਰਾਜਕੁਮਾਰੀਆਂ ਨਾਲ ਵਿਆਹ ਕਰਵਾ ਲਿਆ ਸੀ ਅਤੇ ਇੰਜ ਲਗਣ ਲਗ ਪਿਆ ਸੀ ਕਿ ਹੁਣ ਮਕਦੂਨੀਆ ਅਤੇ ਯੂਨਾਨ ਅੱਧ-ਪਚੱਧੇ ਯੂਰੇਸ਼ੀਅਨ ਤਾਨਾਸ਼ਾਹ ਦੇ ਰਾਜ ਹੇਠ ਰਹੇਗਾ। ਉਹ ਆਪਣੇ ਸਾਮਰਾਜ ਦੀ ਰਾਜਧਾਨੀ ਵੀ ਬੇਬੀਲੋਨ ਵਿਖੇ ਲੈ ਗਿਆ ਸੀ ਅਤੇ ਆਪਣੇ ਸਿਪਾਹੀਆਂ ਨੂੰ ਉਸ ਨੇ ਉਥੋਂ ਦੀਆਂ ਨਿਵਾਸੀ ਔਰਤਾਂ ਨਾਲ ਸੰਬੰਧ ਸਥਾਪਤ ਕਰਨ ਦੀ ਖੁਲ੍ਹ ਵੀ ਦੇ ਦਿੱਤੀ ਸੀ। ਉਸ ਨੇ ਪਾਰਸੀਆਂ ਨੂੰ ਬੜੇ ਸਨਮਾਨਪੂਰਨ ਅਤੇ ਜ਼ਿੰਮੇਵਾਰੀ ਵਾਲੇ ਸਿਵਲ ਅਤੇ ਮਿਲਟਰੀ ਅਹੁਦਿਆਂ ਤੇ ਨਿਯੁਕਤ ਕਰ ਦਿੱਤਾ ਸੀ ਅਤੇ ਆਮ ਤੌਰ ਤੇ ਤਥਾ ਕਥਿਤ 'ਜੰਗਲੀ' ਲੋਕਾਂ ਨਾਲ ਮੇਲ-ਜੋਲ ਵਧਾ ਲਿਆ ਸੀ। ਇਹ ਸਾਰਾ ਕੁਝ ਅਰਸਤੂ ਵਾਸਤੇ ਬਹੁਤ ਹੀ ਦੁਖਦਾਈ ਰਿਹਾ ਹੋਵੇਗਾ। ਉਸ ਦੀ ਦਿੱਤੀ ਹੋਈ ਸਿੱਖਿਆ ਬੇਕਾਰ ਸਾਬਤ ਹੋਈ ਸੀ। ਸਿਕੰਦਰ ਯੂਨਾਨੀ ਨੈਤਿਕ ਉੱਚਤਾ ਦੇ ਆਦਰਸ਼ ਨੂੰ ਨਾ ਮੰਨ ਸਕਣ ਵਾਲਾ ਸਾਬਤ ਹੋਇਆ ਅਤੇ ਇਸੇ ਤਰ੍ਹਾਂ ਹੀ ਯੂਨਾਨ ਦੀ ਰਾਜਨੀਤਕ ਸਰਬ-ਉੱਚਤਾ ਜਿਹੜੀ ਕਿ ਉਸ ਦੇ ਅਧਿਆਪਕ ਅਰਸਤੂ ਨੇ ਉਸ ਨੂੰ ਪੜ੍ਹਾਈ ਸੀ ਉਹ ਵੀ ਨਿਰਾਰਥਕ ਬਣ ਕੇ ਰਹਿ ਗਈ ਸੀ।

ਇਸ ਦੇ ਨਾਲ ਹੀ ਸਿਕੰਦਰ ਪਿਛੇ ਮਕਦੂਨੀਆ ਵਿਚ ਛੱਡੇ ਹੋਏ ਆਪਣੇ ਪ੍ਰਤੀਨਿਧ ਐਂਟੀਪੇਟਰ ਦੀ ਵਿਸ਼ਵਾਸ ਪਾਤਰਤਾ ਬਾਰੇ ਵੀ ਬੜੇ ਡੂੰਘੇ ਤਰੀਕੇ ਨਾਲ ਸ਼ੱਕੀ ਬਣ ਗਿਆ ਸੀ। ਉਸ ਦੇ ਸ਼ੱਕ ਦੇ ਇਸ ਘੇਰੇ ਵਿਚ ਐਂਟੀਪੇਟਰ ਦੇ ਸਾਰੇ ਦੋਸਤ ਆ ਗਏ ਸਨ ਅਤੇ ਅਰਸਤੂ ਉਨ੍ਹਾਂ ਦੋਸਤਾਂ ਵਿਚੋਂ ਐਂਟੀਪੇਟਰ ਦਾ ਸਭ ਤੋਂ ਗੂੜ੍ਹਾ ਦੋਸਤ ਸੀ। ਰਹਿੰਦੀ ਕਸਰ ਅਰਸਤੂ ਦੇ ਭਤੀਜੇ ਕੈਲਿਸਥੇਨੀਜ਼ ਦੇ ਦੁਰਭਾਗ ਨੇ ਪੂਰੀ ਕਰ ਦਿੱਤੀ ਅਤੇ ਇਸ ਤਰ੍ਹਾਂ ਸਿਕੰਦਰ ਤੇ ਅਰਸਤੂ ਦੇ ਦਿਲਾਂ ਵਿਚ ਪਈ ਹੋਈ ਗੰਢ ਨੰਗੇ ਚਿੱਟੇ ਰੂਪ ਵਿਚ ਸਾਹਮਣੇ ਆ ਗਈ। ਕੈਲਿਸਥੇਨੀਜ਼ ਬਹੁਤ ਹੀ ਯੋਗ ਨੌਜਵਾਨ ਸੀ ਅਤੇ ਉਸ ਦੇ ਚਾਚੇ ਅਰਸਤੂ ਨੇ ਸਿਕੰਦਰ ਦੇ ਨਾਲ ਜਾਣ ਵਾਲੇ ਇਕ ਇਤਿਹਾਸਕਾਰ ਦੇ ਤੌਰ ਤੇ ਉਸ ਦੀ ਨਿਯੁਕਤੀ ਕਰਾਈ ਸੀ। ਛੇਤੀ ਹੀ ਉਹ ਸਿਕੰਦਰ ਦੇ ਗੁੱਸੇ ਦਾ

ਉਦੋਂ ਸ਼ਿਕਾਰ ਹੋ ਗਿਆ ਜਦੋਂ ਉਸ ਨੇ ਖੁਲ੍ਹੇ ਤੌਰ ਤੇ ਸਿਕੰਦਰ ਦੇ ਪੂਰਬੀ ਮੁਲਕਾਂ ਦੇ ਲੋਕਾਂ ਦੇ ਪ੍ਰਤੀ ਝੁਕਾਅ ਨੂੰ ਵੇਖਿਆ ਅਤੇ ਉਸ ਦੀ ਨਿੰਦਿਆ ਕਰਨੀ ਸ਼ੁਰੂ ਕਰ ਦਿੱਤੀ। ਉਸ ਨੂੰ ਸਿਕੰਦਰ ਦੇ ਮਾਰਨ ਦੀ ਸਾਜ਼ਿਸ਼ ਵਿਚ ਫੜ ਲਿਆ ਗਿਆ ਅਤੇ ਭਾਵੇਂ ਉਹ ਨਿਰਦੋਸ਼ ਹੀ ਪ੍ਰਤੀਤ ਹੁੰਦਾ ਸੀ, ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਗਿਆ। ਇਸ ਸਾਜ਼ਿਸ਼ ਵਿਚ ਸਿਕੰਦਰ ਨੇ ਅਰਸਤੂ ਨੂੰ ਵੀ ਜ਼ਿੰਮੇਵਾਰ ਮੰਨਦੇ ਹੋਏ ਇਕ ਬਹੁਤ ਹੀ ਗੁੱਸੇ ਭਰੀ ਚਿੱਠੀ ਐਂਟੀਪੇਟਰ ਨੂੰ ਲਿਖੀ। ਇਹ ਗੱਲ ਵੱਖਰੀ ਹੈ ਕਿ ਸਿਕੰਦਰ ਉਸ ਵੇਲੇ ਹਿੰਦੁਸਤਾਨ ਤੇ ਹਮਲਾ ਕਰਨ ਵਿਚ ਇੰਨਾ ਰੁਝਿਆ ਹੋਇਆ ਸੀ ਕਿ ਉਹ ਇਸ ਪਾਸੇ ਵਲ ਕੋਈ ਬਹੁਤਾ ਧਿਆਨ ਨਾ ਦੇ ਸਕਿਆ ਅਤੇ ਕੁਝ ਸਮੇਂ ਬਾਅਦ ਮਲੇਰੀਏ ਕਾਰਨ ਮਰ ਗਿਆ।

ਇਹ ਵਿਚਾਰ ਬੜਾ ਪ੍ਰਭਾਵਸ਼ਾਲੀ ਅਤੇ ਸੋਹਣਾ ਲਗਦਾ ਹੈ ਕਿ ਅਰਸਤੂ ਨੇ ਸਿਕੰਦਰ ਨੂੰ ਪੜ੍ਹਾਇਆ ਸੀ ਪਰੰਤੂ ਫਿਰ ਵੀ ਇਹ ਇਕ ਹਕੀਕਤ ਹੈ ਕਿ ਅਰਸਤੂ ਦਾ ਸਿਕੰਦਰ ਉਤੇ ਬਹੁਤ ਮਾਮੂਲੀ ਹੀ ਪ੍ਰਭਾਵ ਸੀ। ਅਰਸਤੂ ਜਦੋਂ ਦੁਬਾਰਾ ਏਥਨਜ਼ ਵਿਚ ਆ ਕੇ ਵਸਿਆ ਸੀ ਤਾਂ ਉਸ ਨੂੰ ਰਾਜਸੀ ਸਹੂਲਤਾਂ ਤੋਂ ਇਲਾਵਾ ਆਪਣੀਆਂ ਜੀਵ-ਵਿਗਿਆਨਕ ਖੋਜਾਂ ਨੂੰ ਅਗੇ ਵਧਾਉਣ ਦੀਆਂ ਸਹੂਲਤਾਂ ਤਾਂ ਭਾਵੇਂ ਮਿਲੀਆਂ ਸਨ ਪਰ ਫਿਰ ਵੀ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਸਿਕੰਦਰ ਫਾਰਸ ਅਤੇ ਭਾਰਤ ਤੋਂ ਦੁਰਲਭ ਪਸ਼ੂਆਂ ਦੀਆਂ ਨਸਲਾਂ ਅਰਸਤੂ ਲਈ ਭੇਜਦਾ ਹੁੰਦਾ ਸੀ। ਦਰਅਸਲ ਰਾਜਨੀਤਕ ਵਿਚਾਰਧਾਰਾ ਦੋਹਾਂ ਦੇ ਵਖਰੇਵੇਂ ਦਾ ਵੱਡਾ ਕਾਰਨ ਸੀ। ਅਰਸਤੂ ਦੀਆਂ ਰਚਨਾਵਾਂ ਵਿਚ ਸਿਕੰਦਰ ਦੀਆਂ ਜਿੱਤਾਂ ਦੇ ਫਲਸਰੂਪ ਸਿਟੀ ਸਟੇਟਾਂ ਦੇ ਰੂਪ ਵਿਚ ਆ ਰਹੇ ਪਰਿਵਰਤਨਾਂ ਦਾ ਕੋਈ ਜ਼ਿਕਰ ਨਹੀਂ ਹੈ। ਜੇ ਅਰਸਤੂ ਨੂੰ ਇਹ ਪਤਾ ਹੁੰਦਾ ਕਿ ਕਿਵੇਂ ਸਿਕੰਦਰ ਯੂਨਾਨੀਆਂ ਅਤੇ ਗ਼ੈਰ ਯੂਨਾਨੀਆਂ ਵਿਚਲੇ ਸੰਬੰਧਾਂ ਨੂੰ ਮਜ਼ਬੂਤ ਕਰਨ ਦੀ ਨੀਤੀ ਅਖ਼ਤਿਆਰ ਕਰ ਰਿਹਾ ਹੈ ਤਾਂ ਅਰਸਤੂ ਨੇ ਅਫ਼ਸੋਸ ਵੀ ਪ੍ਰਗਟ ਕੀਤਾ ਹੁੰਦਾ ਅਤੇ ਸ਼ਾਇਦ ਵਿਰੋਧ ਵੀ ਕੀਤਾ ਹੁੰਦਾ।

323 ਈ.ਪੂ. ਵਿਚ ਜਦੋਂ ਸਿਕੰਦਰ ਦੀ ਮੌਤ ਹੋ ਗਈ ਤਾਂ ਏਥਨਜ਼ ਵਿਚਲੀ ਮਕਦੂਨੀਆ ਵਿਰੋਧੀ ਪਾਰਟੀ ਨੇ ਅਰਸਤੂ ਦੀ ਖ਼ਿਲਾਫ਼ਤ ਕੀਤੀ।

ਉਸ ਉਤੇ ਹਰਮਿਆਸ ਦੀ ਉਸਤਤਿ ਵਿਚ ਗੀਤ ਲਿਖਣ ਦੇ ਅਤੇ ਹੋਰ ਕਈ ਆਰੋਪ ਲਾਏ ਗਏ। ਉਸਦੇ ਮਕੂਲ ਲੀਸਿਯਮ ਉਤੇ ਮਕਦੂਨੀਆ ਵਿਰੋਧੀ ਗਰੁਪਾਂ ਦੇ ਹਮਲਿਆਂ ਦੀ ਸੰਭਾਵਨਾ ਬਣ ਗਈ। ਅਰਸਤੂ ਸਮੇਂ ਦੀ ਨਜ਼ਾਕਤ ਨੂੰ ਭਾਂਪ ਗਿਆ ਅਤੇ ਏਥਨਜ਼ ਛੱਡ ਕੇ ਆਪਣੇ ਘਰ ਸਟੈਗੀਰਾ ਦੇ ਲਾਗੇ ਚੈਲਸਿਸ ਨਾਮਕ ਸਥਾਨ ਤੇ ਆ ਗਿਆ। ਏਥੇ 322 ਈ.ਪੂ. ਵਿਚ 62 ਸਾਲ ਦੀ ਉਮਰ ਵਿਚ ਗਰਮੀਆਂ ਦੀ ਰੁੱਤ ਵਿਚ ਅਰਸਤੂ ਦਾ ਦਿਹਾਂਤ ਹੋ ਗਿਆ। ਉਸ ਦੀ ਮੌਤ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੇ ਜ਼ਹਿਰ ਪੀ ਕੇ ਆਤਮ ਹੱਤਿਆ ਕਰ ਲਈ ਜਾਂ ਯੂਰੀਪਸ ਦਰਿਆ ਵਿਚ ਛਾਲ ਮਾਰ ਕੇ ਆਪਣੀ ਜਾਨ ਲੈ ਲਈ। ਪਰੰਤੂ ਇਨ੍ਹਾਂ ਕਹਾਣੀਆਂ ਦਾ ਕੋਈ ਪੱਕਾ ਆਧਾਰ ਨਹੀਂ ਹੈ।

ਅਰਸਤੂ ਵਿਅਕਤੀ ਦੇ ਤੌਰ ਤੇ ਕਿਸ ਤਰ੍ਹਾਂ ਦਾ ਸੀ, ਕਹਿਣਾ ਕਠਿਨ ਹੈ ਕਿਉਂਕਿ ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰੰਤੂ ਡਾਇਓਜਨੀਸ ਲਾਰਟੀਅਸ (Diogenes Laertius) ਨੇ ਅਰਸਤੂ ਦੀ ਵਸੀਅਤ ਨਾਮਕ ਦਸਤਾਵੇਜ਼ ਸਾਂਭਿਆ ਹੋਇਆ ਹੈ। ਜਦੋਂ ਅਰਸਤੂ ਦੀ ਪਤਨੀ ਪਿਥੀਆਸ (Pythias) ਦੀ ਮੌਤ ਹੋ ਗਈ ਤਾਂ ਅਰਸਤੂ ਹਰਪਾਈਲਿਸ (Herpyllis) ਨਾਮਕ ਇਸਤਰੀ ਨਾਲ ਰਹਿਣ ਲਗ ਪਿਆ ਸੀ ਅਤੇ ਉਸ ਤੋਂ ਨਿਕੋਮੈਕਸ (Nicomachus) ਨਾਮਕ ਇਕ ਪੁੱਤਰ ਪੈਦਾ ਹੋਇਆ ਸੀ। ਪਿਥੀਆਸ ਤੋਂ ਪਹਿਲਾਂ ਹੀ ਇਕ ਪੁੱਤਰੀ ਪੈਦਾ ਹੋ ਚੁੱਕੀ ਸੀ। ਅਰਸਤੂ ਦੀ ਵਸੀਅਤ ਤੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਉਸ ਨੇ ਆਪਣੇ ਸਾਰੇ ਪਰਿਵਾਰ ਦਾ ਪ੍ਰਬੰਧ ਕੀਤਾ ਹੋਇਆ ਸੀ। ਹਰਪਾਈਲਿਸ ਵਾਸਤੇ ਉਸਦੇ ਸ਼ਬਦ ਸਨੇਹ ਅਤੇ ਕਿਰਤਗਤਾ ਪੂਰਨ ਹਨ ਅਤੇ ਅਜਿਹਾ ਹੀ ਉਸ ਨੇ ਆਪਣੇ ਦੋ ਬੱਚਿਆਂ ਅਤੇ ਦਾਸਾਂ ਵਾਸਤੇ ਵੀ ਲਿਖਿਆ ਹੈ। ਦਾਸਾਂ ਨੂੰ ਉਸ ਨੇ ਆਪਣੀ ਮੌਤ ਦੇ ਤੁਰੰਤ ਬਾਅਦ ਜਾਂ ਆਪਣੀ ਲੜਕੀ ਦੇ ਵਿਆਹ ਤੋਂ ਬਾਅਦ ਅਜ਼ਾਦੀ ਦੇ ਦੇਣ ਦੀ ਗੱਲ ਲਿਖੀ ਹੈ। ਉਸ ਨੇ ਆਦੇਸ਼ ਦਿੱਤਾ ਹੈ ਕਿ ਉਸਦੀਆਂ ਅਸਥੀਆਂ ਉਸ ਦੀ ਪਹਿਲੀ ਪਤਨੀ ਪਿਥੀਆਸ ਦੇ ਆਦੇਸ਼ਾਂ ਦੇ ਮੁਤਾਬਿਕ ਉਸਦੀਆਂ ਅਸਥੀਆਂ ਦੇ ਨਾਲ ਰਖੀਆਂ ਜਾਣ। ਵਸੀਅਤ ਤੋਂ ਪਤਾ ਲਗਦਾ ਹੈ ਕਿ ਅਰਸਤੂ ਉਸ ਸਮੇਂ ਦੇ ਹਿਸਾਬ ਨਾਲ ਧਨੀ, ਦਿਆਲੂ ਅਤੇ ਉਦਾਰ

ਸੀ। ਜੀ.ਈ.ਆਰ. ਲਾਯਡ ਦੇ ਅਨੁਸਾਰ ਬਾਕੀ ਹੋਰ ਸਰੋਤ ਅਰਸਤੂ ਬਾਰੇ ਬਹੁਤਾ ਚਾਨਣਾ ਨਹੀਂ ਪਾਂਦੇ, ਪਰ ਕਿਤੇ ਕਿਤੇ ਇਹ ਵੀ ਦਸਿਆ ਗਿਆ ਹੈ ਕਿ ਅਰਸਤੂ ਗੱਲਬਾਤ ਵਿਚ ਥਥਲਾਉਂਦਾ ਵੀ ਸੀ ਅਤੇ ਵਧੀਆ ਕਪੜੇ ਪਾਂਦਾ ਸੀ।

ਰੋਮਨ ਵਿਦਵਾਨ ਕੁਇੰਟੀਲਿਯਨ (Quintilion) ਅਰਸਤੂ ਦੀ ਮਹਾਨਤਾ ਦਾ ਜ਼ਿਕਰ ਕਰਦਾ ਹੋਇਆ ਕਹਿੰਦਾ ਹੈ—"ਮੈਂ ਅਰਸਤੂ ਬਾਰੇ ਕੀ ਆਖਾਂ ? ਮੈਨੂੰ ਨਹੀਂ ਪਤਾ ਕਿ ਮੈਂ ਉਸਦੀ ਪ੍ਰਸ਼ੰਸਾ ਉਸਦੇ ਗਿਆਨ ਕਾਰਨ ਕਰਦਾ ਹਾਂ ਜਾਂ ਉਸ ਦੀਆਂ ਰਚਨਾਵਾਂ ਦੀ ਭਾਰੀ ਗਿਣਤੀ ਕਾਰਨ, ਜਾਂ ਉਸਦੀ ਭਾਸ਼ਾ ਦੀ ਖਿੱਚ-ਸ਼ਕਤੀ ਕਾਰਨ ਅਥਵਾ ਉਸਦੀ ਖੋਜੀ ਬਿਰਤੀ ਕਾਰਨ ਜਾਂ ਉਸਦੀ ਪ੍ਰਸ਼ੰਸਾ ਉਸ ਦੀਆਂ ਰਚਨਾਵਾਂ ਦੇ ਵਿਸ਼ਾਲ ਚਿੰਤਨ-ਚੌਖਟੇ ਕਾਰਨ ਕਰਦਾ ਹਾਂ।"


www.punjabilibrary.com

# ਚਿੰਤਨ ਦਾ ਵਿਕਾਸ ਅਤੇ ਰਚਨਾਵਾਂ

ਅਰਸਤੂ ਦੇ ਸਿਧਾਂਤਾਂ ਬਾਰੇ ਇਹ ਵੀ ਮੰਨਿਆ ਜਾਂਦਾ ਹੈ ਕਿ ਉਹ ਜ਼ਿਆਦਾਤਰ 335 ਈ.ਪੂ. ਤੋਂ ਬਾਅਦ ਦੇ ਸਹਿਜੇ-ਸਹਿਜੇ ਵਿਕਸਿਤ ਹੋਏ ਸਿਧਾਂਤ ਹਨ। ਪਰੰਤੂ ਜਰਮਨੀ ਦੇ ਵਰਨਰ ਜੀਗਰ (Werner Jaeger) ਨੇ ਇਹ ਮੰਨਿਆ ਹੈ ਕਿ ਅਜਿਹਾ ਨਹੀਂ ਹੈ ਕਿ ਜੀਵਨ ਦੇ ਅੰਤਮ ਸਾਲਾਂ ਵਿਚ 335 ਈ.ਪੂ. ਤੋਂ ਬਾਅਦ ਹੀ ਅਰਸਤੂ ਦੇ ਚਿੰਤਨ ਦਾ ਵਿਕਾਸ ਹੋਇਆ ਹੋਵੇ ਬਲਕਿ ਅਰਸਤੂ ਦਾ ਚਿੰਤਨ ਉਸ ਦੇ ਸੰਪੂਰਨ ਜੀਵਨ ਵਿਚ ਸਹਿਜੇ-ਸਹਿਜੇ ਵਿਕਸਿਤ ਹੁੰਦਾ ਰਿਹਾ ਹੈ। ਜੀਗਰ ਨੇ ਇਸ ਵਿਕਾਸ ਨੂੰ ਤਿੰਨ ਕਾਲਾਂ ਵਿਚ ਵੰਡਿਆ ਹੈ। ਮੁੱਢਲਾ ਕਾਲ 347 ਈ.ਪੂ. ਤਕ, ਜਿਸ ਵਿਚ ਅਰਸਤੂ ਪਲੈਟੋਵਾਦ ਦਾ ਬਹੁਤ ਜ਼ੋਰਦਾਰ ਹਮਾਇਤੀ ਰਿਹਾ ਹੈ। ਇਸ ਸਮੇਂ ਦੀਆਂ ਰਚਨਾਵਾਂ ਉਸ ਦੇ ਸੰਬਾਦ ਹਨ ਅਤੇ ਇਨ੍ਹਾਂ ਵਿਚ ਅਰਸਤੂ ਪਲੈਟੋ ਦੇ ਉਸ ਵਿਚਾਰ ਦਾ ਕੱਟੜ ਸਮਰਥਕ ਹੈ ਜਿਸ ਦਾ ਪ੍ਰਗਟਾਵਾ ਪਲੈਟੋ ਦੇ ਸੰਬਾਦਾਂ ਵਿਚੋਂ 'ਫੀਡੋ' ਅਤੇ 'ਰਿਪਬਲਿਕ' ਵਿਚ ਹੋਇਆ ਹੈ। ਵਿਚਕਾਰਲੇ ਕਾਲ 347 ਤੋਂ 335 ਈ.ਪੂ. ਤਕ ਸਹਿਜੇ ਸਹਿਜੇ ਅਰਸਤੂ ਪਲੈਟੋਵਾਦ ਦਾ ਆਲੋਚਕ ਬਣਦਾ ਗਿਆ ਅਤੇ ਖ਼ਾਸ ਤੌਰ ਤੇ ਪਲੈਟੋ ਦੇ ਆਕਾਰ-ਵਿਗਿਆਨ ਦੀ ਆਲੋਚਨਾ ਅਰਸਤੂ ਨੇ ਜ਼ੋਰਦਾਰ ਸ਼ਬਦਾਂ ਵਿਚ ਕੀਤੀ। ਇਸ ਸਮੇਂ ਵਿਚ ਹੀ ਅਰਸਤੂ ਨੇ 'On Philosophy' ਨਾਮਕ ਰਚਨਾ ਪੇਸ਼ ਕੀਤੀ। ਅੰਤਲਾ ਕਾਲ 335 ਈ.ਪੂ. ਤੋਂ ਬਾਅਦ ਦਾ ਸਮਾਂ ਹੈ। ਇਸ ਸਮੇਂ ਵਿਚ ਅਰਸਤੂ ਦੇ ਅੰਦਰ ਨਵੇਂ ਸਿਧਾਂਤਾਂ ਤੇ ਸਥਾਪਤ ਇਕ ਵਿਸ਼ੇਸ਼ ਪ੍ਰਕਾਰ ਦਾ ਚਿੰਤਨ-ਚੌਖਟਾ ਬਣਦਾ ਹੋਇਆ ਨਜ਼ਰ ਆਉਂਦਾ ਹੈ। ਜੀਵਨ ਦੇ ਅੰਤ ਦੇ ਲਾਗੇ ਅਸੀਂ ਵੇਖਦੇ ਹਾਂ ਕਿ ਉਸ ਨੇ ਪਲੈਟੋ ਦੇ ਲਗਪਗ ਸਾਰੇ ਸਿਧਾਂਤਾਂ ਨੂੰ ਨਕਾਰ ਦਿੱਤਾ। ਖ਼ਾਸ ਤੌਰ ਤੇ ਉਸ ਦੀ ਦੂਸਰੇ ਸੰਸਾਰ ਨਾਲ ਸੰਬੰਧਿਤ ਤੱਤਮੀਮਾਂਸਾ (Metaphysics) ਦੀ ਉਸ ਨੇ ਭਰਪੂਰ ਆਲੋਚਨਾ ਕੀਤੀ। ਇਹ ਸਾਰਾ ਵਿਕਾਸ, ਜੀਗਰ

ਦੇ ਅਨੁਸਾਰ, ਅਰਸਤੂ ਦੀਆਂ ਰਚਨਾਵਾਂ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ।

ਅਰਸਤੂ ਦੀਆਂ ਰਚਨਾਵਾਂ ਦੇ ਜੀਗਰ ਦੁਆਰਾ ਅਜਿਹੇ ਅਧਿਐਨ ਦੇ ਫਲਸਰੂਪ ਅਰਸਤੂ ਦੇ ਸਾਹਿਤ ਨਾਲ ਸੰਬੰਧਿਤ ਅਧਿਐਨ ਅਤੇ ਵਿਚਾਰ-ਚਰਚਾ ਕਾਫ਼ੀ ਤੇਜ਼ ਹੋ ਉੱਠੀ। ਵਿਦਵਾਨਾਂ ਨੇ ਅਰਸਤੂ ਦੇ ਚਿੰਤਨ ਦੇ ਵਿਕਾਸ ਨਾਲ ਸੰਬੰਧਿਤ ਕਈ ਕਿਸਮ ਦੇ ਸੁਝਾਅ ਸਾਹਮਣੇ ਰੱਖੇ। ਖ਼ਾਸ ਤੌਰ ਤੇ ਅਰਸਤੂ ਦੁਆਰਾ ਆਤਮਾ ਬਾਰੇ ਕੀਤੇ ਗਏ ਚਿੰਤਨ ਨੇ ਵਿਦਵਾਨਾਂ ਨੂੰ ਹੋਰ ਵਧੇਰੇ ਇਸ ਪਾਸੇ ਵਲ ਖੋਜ ਕਰਨ ਵਾਸਤੇ ਪ੍ਰੇਰਿਆ। ਅਰਸਤੂ ਦੀਆਂ ਜੀਵ ਵਿਗਿਆਨ ਨਾਲ ਸੰਬੰਧਿਤ ਰਚਨਾਵਾਂ ਅਰਸਤੂ ਦੇ ਜੀਵਨ ਦੇ ਦੂਜੇ ਕਾਲ ਅਰਥਾਤ 347 ਤੋਂ 335 ਈ.ਪੂ. ਦੇ ਵਿਚਕਾਰ ਦੀਆਂ ਰਚਨਾਵਾਂ ਹਨ। ਇਨ੍ਹਾਂ ਰਚਨਾਵਾਂ ਵਿਚ ਅਰਸਤੂ ਆਤਮਾ ਨੂੰ ਪਲੈਟੋ ਦੀ ਤਰ੍ਹਾਂ ਇਕ ਵੱਖਰੇ ਪਦਾਰਥ ਦੇ ਰੂਪ ਵਿਚ ਮੰਨਦਾ ਹੋਇਆ ਇਸ ਸਰੀਰ ਨੂੰ ਆਤਮਾ ਲਈ ਇਕ ਯੰਤਰ ਜਾਂ ਮਸ਼ੀਨ ਦੀ ਤਰ੍ਹਾਂ ਸਵੀਕਾਰ ਕਰਦਾ ਹੈ। ਪਰੰਤੂ ਤੀਸਰੇ ਅਤੇ ਆਖ਼ਰੀ ਕਾਲ ਵਿਚ ਅਰਸਤੂ ਆਤਮਾ ਨੂੰ ਸਰੀਰ ਦਾ ਹੀ ਇਕ ਰੂਪ ਮੰਨਦਾ ਹੋਇਆ ਆਪਣੀ ਰਚਨਾ 'ਮੇਟਾਫਿਜ਼ਿਕਸ' ਵਿਚ ਇਸ ਸਿਧਾਂਤ ਦੀ ਵਿਆਖਿਆ ਕਰਦਾ ਹੈ।

ਇਕ ਗੱਲ ਤਾਂ ਸਪੱਸ਼ਟ ਹੀ ਹੈ ਕਿ ਅਰਸਤੂ ਨੇ ਪਹਿਲਾਂ ਪਲੈਟੋ ਦੇ ਕਈ ਸਿਧਾਂਤਾਂ ਨੂੰ ਸਵੀਕਾਰ ਕੀਤਾ ਹੈ ਅਤੇ ਬਾਅਦ ਵਿਚ ਉਨ੍ਹਾਂ ਸਿਧਾਂਤਾਂ ਦਾ ਤ੍ਰਿਸਕਾਰ ਵੀ ਕੀਤਾ ਹੈ। ਇਸ ਲਈ ਇਹ ਤਾਂ ਕਿਹਾ ਜਾ ਸਕਦਾ ਹੈ ਕਿ ਅਰਸਤੂ ਦਿਨ ਪ੍ਰਤੀ ਦਿਨ ਪਲੈਟੋਵਾਦ ਤੋਂ ਦੂਰ ਤਾਂ ਹੁੰਦਾ ਚਲਾ ਗਿਆ ਪਰ ਉਸ ਨੇ ਆਤਮਾ ਸੰਬੰਧੀ ਪਲੈਟੋ ਦੇ ਵਿਚਾਰਾਂ ਵਿਚ ਦਿਲਚਸਪੀ ਲੈਣੀ ਕਦੀ ਵੀ ਇਕਦਮ ਪੂਰੇ ਤੌਰ ਤੇ ਛੱਡੀ ਨਹੀਂ। ਦਰਅਸਲ ਜੀਵਨ ਦੇ ਅਰੰਭ ਤੋਂ ਹੀ ਅਰਸਤੂ ਗਿਆਨ ਦੇ ਪੂਰੇ ਖੇਤਰ ਨਾਲ ਸੰਬੰਧਿਤ ਇਕ ਤਰਕ-ਯੁਕਤ ਦ੍ਰਿਸ਼ਟੀਕੋਣ ਪੇਸ਼ ਕਰਨਾ ਚਾਹੁੰਦਾ ਸੀ। ਸਾਰੀ ਉਮਰ ਉਹ ਆਪਣੇ ਇਸ ਇਰਾਦੇ ਤੇ ਬੇਸ਼ਕ ਪੱਕਾ ਤਾਂ ਰਿਹਾ ਪਰ ਸ਼ਾਇਦ ਉਹ ਸੰਪੂਰਨ ਰੂਪ ਵਿਚ ਠੀਕ ਕਿਸੇ ਅਜਿਹੀ ਪੱਧਤੀ ਦਾ ਨਿਰਮਾਣ ਕਰਨ ਵਿਚ ਸਫਲ ਨਹੀਂ ਹੋ ਸਕਿਆ ਜਿਹੜੀ ਕਿ ਉਸਦੇ ਆਪਣੇ ਬਣਾਏ ਹੋਏ ਆਲੋਚਨਾ ਦੇ ਸਿਧਾਂਤਾਂ ਉਤੇ ਪੂਰੀ ਠੀਕ ਢੁੱਕਦੀ ਹੋਵੇ। ਇਹ ਸੁਭਾਵਕ ਹੀ ਹੈ ਕਿ ਆਪਣੇ ਦਾਰਸ਼ਨਿਕ

ਚਿੰਤਨ ਨੂੰ ਪੇਸ਼ ਕਰਦਿਆਂ ਹੋਇਆਂ ਅਰਸਤੂ ਦੇ ਸਾਹਮਣੇ ਵੀ ਕਈ ਅਜਿਹੀਆਂ ਮੁਸ਼ਕਲਾਂ ਰਹੀਆਂ ਹੋਣਗੀਆਂ ਜਿਨ੍ਹਾਂ ਨੂੰ ਜਾਣਦੇ ਬੁਝਦੇ ਹੋਏ ਵੀ ਉਹ ਵਿਹਾਰਕ ਜਗਤ ਦੇ ਸੰਦਰਭ ਵਿਚ ਉਨ੍ਹਾਂ ਦਾ ਤਾਲਮੇਲ ਬਿਠਾਉਣ ਵਿਚ ਅਸਮਰਥ ਰਿਹਾ ਹੋਵੇਗਾ।

ਅਰਸਤੂ ਦੇ ਦਿੱਤੇ ਸਿਧਾਂਤਾਂ ਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਸਿਧਾਂਤਾਂ ਦਾ ਪ੍ਰਤੀਪਾਦਨ ਕਰਦੇ ਹੋਏ ਅਰਸਤੂ ਮੁਖ ਰੂਪ ਵਿਚ ਕਿਨ੍ਹਾਂ ਗੱਲਾਂ ਦਾ ਖ਼ਿਆਲ ਰੱਖਦਾ ਸੀ ਅਤੇ ਖ਼ਾਸ ਤੌਰ ਤੇ ਗਿਆਨ ਦੀ ਸਮੱਸਿਆ ਨੂੰ ਸੁਲਝਾਉਣ ਪ੍ਰਤੀ ਉਸ ਦਾ ਕੀ ਦ੍ਰਿਸ਼ਟੀਕੋਣ ਸੀ। ਪਲੈਟੋ ਦੇ ਅਨੁਸਾਰ ਗਿਆਨ ਦਾ ਸਰੂਪ ਸਪੱਸ਼ਟ, ਨਿਸਚਿਤ ਅਤੇ ਅਬਦਲ ਗਿਆਨ ਹੈ। ਇਸ ਦਾ ਅਰਥ ਇਹ ਵੀ ਹੋਇਆ ਕਿ ਗਿਆਨ ਸਾਨੂੰ ਉਨ੍ਹਾਂ ਹੀ ਪਦਾਰਥਾਂ ਦਾ ਹੁੰਦਾ ਹੈ ਜਿਨ੍ਹਾਂ ਵਿਚ ਇਹ ਉਪਰਲੇ ਗੁਣ ਹੋਣ ਅਰਥਾਤ ਜਾਣੇ ਜਾਣ ਵਾਲੇ ਪਦਾਰਥ ਇੰਦਰਿਆਵੀ ਪਹੁੰਚ ਤੋਂ ਪਰ੍ਹਾਂ ਅਤੇ ਬ੍ਰਹਿਮੰਡੀ ਹੋਣ। ਇਨ੍ਹਾਂ ਨੂੰ ਹੀ ਪਲੈਟੋ ਵਿਗਿਆਨ (Ideas) ਕਹਿੰਦਾ ਹੈ। ਅਰਸਤੂ ਨੇ ਇਨ੍ਹਾਂ ਵਿਗਿਆਨਾਂ ਦੀ ਪਰਾ-ਭੌਤਿਕਤਾ ਦਾ ਖੰਡਨ ਕੀਤਾ ਪਰੰਤੂ ਗਿਆਨ ਪ੍ਰਤੀ ਪਲੈਟੋਵਾਦੀ ਦ੍ਰਿਸ਼ਟੀਕੋਣ ਦਾ ਉਸ ਨੇ ਤਿਆਗ ਨਹੀਂ ਕੀਤਾ ਅਤੇ ਗਿਆਨ ਦਾ ਅਰਥ ਪਲੈਟੋ ਵਾਂਗ ਬ੍ਰਹਿਮੰਡੀ ਚੇਤਨਾ ਹੀ ਮੰਨਿਆ। ਅਰਸਤੂ ਸਾਹਮਣੇ ਇਸ ਬ੍ਰਹਿਮੰਡੀ ਚੇਤਨਾ ਨੂੰ ਯਥਾਰਥ ਦੇ ਧਰਾਤਲ ਤੇ ਲਿਆ ਕੇ ਇਸ ਨੂੰ ਇਕ ਨਿਸ਼ਚਿਤਤਾ ਪ੍ਰਦਾਨ ਕਰਨ ਦਾ ਕੰਮ ਸੀ। ਪਰ ਨਾਲ ਹੀ ਨਾਲ ਉਹ ਪਲੈਟੋਈ ਵਿਗਿਆਨਾਂ ਦਾ ਆਸਰਾ ਵੀ ਨਹੀਂ ਲੈਣਾ ਚਾਹੁੰਦਾ ਸੀ। ਪਲੈਟੋ ਵਿਗਿਆਨਾਂ ਨੂੰ ਪਦਾਰਥਾਂ ਦਾ ਕਾਰਨ ਮੰਨਦਾ ਸੀ ਅਤੇ ਅਰਸਤੂ ਨੇ ਇਸ ਦਾ ਖੰਡਨ ਕਰ ਕੇ ਕਾਰਜ-ਕਾਰਨ ਦਾ ਇਕ ਨਵਾਂ ਸਿਧਾਂਤ ਪੇਸ਼ ਕਰਨ ਬਾਰੇ ਚਿੰਤਨ ਕੀਤਾ ਅਤੇ ਪਰਿਵਰਤਨ ਅਤੇ ਗਤੀ ਦੇ ਨਵੇਂ ਸਰੋਤ ਦੀ ਕਲਪਨਾ ਕੀਤੀ। ਤੀਸਰੇ, ਜਦੋਂ ਅਰਸਤੂ ਨੇ ਗਿਆਨ ਦੀਆਂ ਵੱਖਰੀਆਂ ਵੱਖਰੀਆਂ ਸ਼ਾਖਾਵਾਂ ਨੂੰ ਇਕ ਸਿਸਟਮ ਦੇਣ ਦਾ ਯਤਨ ਕੀਤਾ ਤਾਂ ਉਹ ਇਕ-ਇਕ ਕਦਮ ਅਗੇ ਵਧਦਾ ਹੋਇਆ ਪਲੈਟੋ ਅਤੇ ਪਲੈਟੋ ਤੋਂ ਹੋਰ ਪਹਿਲਾਂ ਹੋ ਚੁੱਕੇ ਫਿਲਾਸਫਰਾਂ ਦੁਆਰਾ ਇਸ ਸੰਬੰਧ ਵਿਚ ਦਿੱਤੇ ਗਏ ਚਿੰਤਨ ਵਿਚ ਪਰਿਵਰਤਨ ਕਰਦਾ ਚਲਾ ਗਿਆ। ਇਹ

ਪਰਿਵਰਤਨ ਇੰਨੇ ਵਿਸ਼ਾਲ ਸਨ ਕਿ ਇਹ ਅਰਸਤੂਵਾਦ ਨੂੰ ਅੱਗੇ ਲਿਆਉਣ ਵਾਲੇ ਉੱਚ ਕੋਟੀ ਦੇ ਦਾਰਸ਼ਨਿਕ ਵਿਚਾਰ ਬਣ ਗਏ ਤੇ ਪ੍ਰਚਲਿਤ ਹੋ ਗਏ। ਅਰਸਤੂ ਬਾਰੇ ਅਧਿਐਨ ਕਰਦੇ ਸਮੇਂ ਦਰਅਸਲ ਅਰਸਤੂ ਨੂੰ ਉਸ ਤੋਂ ਬਾਅਦ ਦੇ ਦਾਰਸ਼ਨਿਕਾਂ ਦੀ ਤੁਲਨਾ ਵਿਚ ਨਹੀਂ ਵੇਖਿਆ ਜਾਣਾ ਚਾਹੀਦਾ ਬਲਕਿ ਪਲੈਟੋ ਤੇ ਸੁਕਰਾਤ ਤੋਂ ਵੀ ਪਹਿਲਾਂ ਹੋ ਚੁੱਕੇ ਦਾਰਸ਼ਨਿਕਾਂ ਦੇ ਵਿਚਾਰਾਂ ਨਾਲ ਉਸ ਦੇ ਚਿੰਤਨ ਦੀ ਤੁਲਨਾ ਕੀਤੀ ਜਾ ਸਕਦੀ ਹੈ ਅਤੇ ਅਰਸਤੂ ਦੀ ਮਹਾਨਤਾ ਦਾ ਮੁਲਅੰਕਣ ਕੀਤਾ ਜਾ ਸਕਦਾ ਹੈ।

**ਵਿਗਿਆਨਾਂ ਦਾ ਵਰਗੀਕਰਣ**: ਆਪਣੀ ਰਚਨਾ 'ਟਾਪਿਕਸ' (Topics) ਵਿਚ ਅਰਸਤੂ ਆਪਣੇ ਸਿਧਾਂਤਾਂ ਨੂੰ ਨੈਤਿਕ, ਭੌਤਿਕ ਅਤੇ ਤਰਕ ਸ਼ਾਸਤਰੀ ਦੱਸਦਾ ਹੋਇਆ ਬਾਅਦ ਵਿਚ ਦਰਸ਼ਨ ਦੀ ਯੂਨਾਨੀ ਵੰਡ ਵੱਲ ਇਸ਼ਾਰਾ ਕਰਦਾ ਹੈ ਜਿਸ ਨੂੰ ਲਾਜਿਕ (Logic), ਫਿਜ਼ਿਕਸ (Physics) ਅਤੇ ਐਥਿਕਸ (Ethics) ਦੇ ਨਾਂ ਨਾਲ ਜਾਣਿਆ ਜਾਂਦਾ ਹੈ। 'ਟਾਪਿਕਸ' (VI. 6) ਵਿਚ ਅਰਸਤੂ ਗਿਆਨ ਬਾਰੇ ਦੱਸਦਾ ਹੋਇਆ ਉਸ ਨੂੰ ਸਿਧਾਂਤਕ, ਵਿਹਾਰਕ ਅਤੇ ਕਾਵਿਕ ਤਿੰਨ ਭਾਗਾਂ ਵਿਚ ਵੰਡਦਾ ਹੈ। ਇਕ ਹੋਰ ਥਾਂ ਤੇ ਉਹ ਸਿਧਾਂਤਕ ਗਿਆਨ ਨੂੰ ਦਰਸ਼ਨ, ਭੌਤਿਕੀ ਅਤੇ ਗਣਿਤ ਸ਼ਾਸਤਰ ਅਤੇ ਵਿਹਾਰਕ ਗਿਆਨ ਨੂੰ 'ਐਥਿਕਸ', 'ਪਾਲਿਟਿਕਸ' ਅਤੇ ਹੋਰ ਅਜਿਹੇ ਕੰਮਾਂ ਦੇ ਰੂਪ ਵਿਚ ਵੰਡਦਾ ਹੈ। ਇਹ ਵੰਡ ਭਾਵੇਂ ਕਈ ਕਾਰਨਾਂ ਕਰਕੇ ਕਈ ਤਰੀਕਿਆਂ ਦੀ ਹੋ ਸਕਦੀ ਹੈ, ਪਰੰਤੂ ਮੋਟੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਗਿਆਨ ਨੂੰ ਕੇਵਲ ਗਿਆਨ ਦੇ ਵਾਸਤੇ ਹੀ ਜਾਣਨ ਦੀ ਕੋਸ਼ਿਸ਼ ਕਰਨਾ ਸਿਧਾਂਤਕ ਪੜ੍ਹਾਈ ਹੈ ਅਤੇ ਕੰਮ-ਕਾਜ ਦੀ ਸੁਵਿਧਾ ਲਈ ਪੜ੍ਹੇ ਜਾਣ ਵਾਲੇ ਗਿਆਨ ਨੂੰ ਵਿਹਾਰਕ ਗਿਆਨ ਅਤੇ ਕਿਸੇ ਚੀਜ਼ ਦਾ ਉਤਪਾਦਨ ਕਰਨ ਵਾਸਤੇ ਇਕੱਠੇ ਕੀਤੇ ਗਏ ਗਿਆਨ ਨੂੰ ਉਤਪਾਦਕ ਗਿਆਨ ਕਹਿੰਦੇ ਹਨ। ਉਹ ਪਦਾਰਥ ਜਿਹੜੇ ਕਿ ਹਮੇਸ਼ਾ ਸਤਿ ਹਨ ਪਰੰਤੂ ਫਿਰ ਵੀ ਉਨ੍ਹਾਂ ਦੀ ਵੱਖਰੀ ਹੋਂਦ ਵੀ ਹੈ, ਦਰਸ਼ਨ ਦਾ ਵਿਸ਼ਾ ਹਨ। ਉਹ ਪਦਾਰਥ ਜਿਨ੍ਹਾਂ ਵਿਚ ਪਰਿਵਰਤਨ ਨਹੀਂ ਹੁੰਦਾ ਅਤੇ ਜਿਨ੍ਹਾਂ ਦੀ ਵੱਖਰੀ ਹੋਂਦ ਨਹੀਂ ਹੋ ਸਕਦੀ ਗਣਿਤ ਦਾ ਵਿਸ਼ਾ ਹਨ, ਅਤੇ ਉਹ ਪਦਾਰਥ ਜਿਹੜੇ ਬਦਲ ਸਕਦੇ ਹਨ ਤੇ ਵੱਖਰੀ ਵੀ ਜਿਨ੍ਹਾਂ ਦੀ ਹੋਂਦ ਹੋ ਸਕਦੀ ਹੈ, ਭੌਤਿਕ ਵਿਗਿਆਨ ਦਾ ਵਿਸ਼ਾ

ਹਨ। ਗਿਆਨ ਸੰਬੰਧੀ ਇਸ ਸਾਰੇ ਵਰਣਨ ਤੋਂ ਇਹ ਵਿਖਾਈ ਦਿੰਦਾ ਹੈ ਕਿ ਅਰਸਤੂ ਨੇ ਵਿਗਿਆਨਾਂ ਦੇ ਵਰਗੀਕਰਣ ਦੇ ਨਾਲ ਸੰਬੰਧਿਤ ਕੋਈ ਅੰਤਿਮ ਰੂਪ ਵਿਚ ਪੱਧਤੀ ਤਿਆਰ ਨਹੀਂ ਕੀਤੀ ਸੀ। ਸ਼ਾਇਦ ਇਸੇ ਲਈ ਹੀ ਵਿਗਿਆਨਾਂ ਦੇ ਵਰਗੀਕਰਣ ਨੂੰ ਉਸ ਤੋਂ ਬਾਅਦ ਦੇ ਯੂਨਾਨੀ ਫਲਸਫੇ ਵਿਚ ਕੋਈ ਪੱਕਾ ਸਥਾਨ ਨਹੀਂ ਦਿੱਤਾ ਗਿਆ।





www.punjabilibrary.com

# ਰਚਨਾਵਾਂ

ਅਰਸਤੂ ਦੀਆਂ ਰਚਨਾਵਾਂ ਨੂੰ ਤਿੰਨ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ : (1) ਜਨ ਸਾਹਿਤ ਨਾਲ ਸੰਬੰਧਿਤ ਰਚਨਾਵਾਂ, (2) ਇਕੱਠੀਆਂ ਕੀਤੀਆਂ ਹੋਈਆਂ ਰਚਨਾਵਾਂ ਅਤੇ ਸੰਸਮਰਣ, (3) ਵਿਗਿਆਨਕ ਅਤੇ ਦਾਰਸ਼ਨਿਕ ਰਚਨਾਵਾਂ।

## 1. ਜਨ ਸਾਹਿਤ

ਇਨ੍ਹਾਂ ਰਚਨਾਵਾਂ ਵਿਚ ਅਰਸਤੂ ਦੀਆਂ ਕੁਝ ਕਵਿਤਾਵਾਂ ਦੇ ਹਿੱਸੇ, ਕੁਝ ਚਿੱਠੀਆਂ ਦੇ ਹਿੱਸੇ ਰੱਖੇ ਜਾ ਸਕਦੇ ਹਨ। ਪਰ ਇਨ੍ਹਾਂ ਸਾਰਿਆਂ ਨਾਲੋਂ ਜ਼ਿਆਦਾ ਮਹੱਤਵਪੂਰਨ ਰਚਨਾਵਾਂ ਕੁਝ ਸੰਬਾਦ ਅਤੇ ਕੁਝ ਦਾਰਸ਼ਨਿਕ ਰਚਨਾਵਾਂ ਹਨ, ਜਿਨ੍ਹਾਂ ਨੂੰ ਅਰਸਤੂ 'Exoteric Writings' (ਸਕੂਲ ਤੋਂ ਬਾਹਰਲੇ ਲੋਕਾਂ ਲਈ ਰਚਨਾਵਾਂ) ਕਹਿੰਦਾ ਹੈ। ਇਨ੍ਹਾਂ ਰਚਨਾਵਾਂ ਵਿਚੋਂ ਯੂਡੀਮਸ (Eudemus), ਪ੍ਰੋਟਰੈਪਟੀਕਸ (Protrepticus), ਆਨ ਫਿਲਾਸਫੀ (On Philosophy), ਆਨ ਦਾ ਗੁਡ (On the Good) ਅਤੇ ਆਨ ਦਾ ਆਈਡੀਆਜ਼ (On the Ideas) ਆਦਿ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਵਿਚੋਂ ਕੋਈ ਵੀ ਹੁਣ ਪ੍ਰਾਪਤ ਨਹੀਂ ਹੁੰਦੀ ਪਰੰਤੂ ਕੁਝ ਮਾਮਲਿਆਂ ਵਿਚ ਇਨ੍ਹਾਂ ਦੇ ਸੰਖੇਪ ਸਾਰ ਮੌਜੂਦ ਪਾਏ ਗਏ ਹਨ ਅਤੇ ਲਗਭਗ ਸੌ ਤੋਂ ਵਧ ਟੂਕਾਂ ਅਤੇ ਸੰਦਰਭ ਬਾਅਦ ਦੇ ਲੇਖਕਾਂ ਦੀਆਂ ਰਚਨਾਵਾਂ ਵਿਚ ਮਿਲਦੇ ਹਨ। ਸੰਬਾਦ ਪਲੈਟੋ ਦੇ ਸੰਬਾਦਾਂ ਵਰਗੇ ਹੀ ਹਨ। ਪੁਰਾਣੀਆਂ ਰਚਨਾਵਾਂ ਦੇ ਵਿਚ ਅਰਸਤੂ ਦੀ ਗੱਦ ਸ਼ੈਲੀ ਦੀ ਪ੍ਰਸੰਸਾ ਬਾਰੇ ਬਹੁਤ ਕੁਝ ਲਿਖਿਆ ਮਿਲਦਾ ਹੈ ਅਤੇ ਇਹ ਸਭ ਕੁਝ ਉਸ ਦੇ ਸੰਸਮਰਣਾਂ ਉਤੇ ਨਹੀਂ ਢੁੱਕਦਾ।

## 2. ਸੰਕਲਨ ਅਤੇ ਸੰਸਮਰਣ

ਅਰਸਤੂ ਦੀਆਂ ਰਚਨਾਵਾਂ ਦੀ ਸੂਚੀ ਵਿਚ ਦੋ ਸੌ ਤੋਂ ਵੀ ਵਧ ਰਚਨਾਵਾਂ ਸੰਸਮਰਣ ਅਤੇ ਸੰਕਲਨ ਹਨ। ਇਨ੍ਹਾਂ ਵਿਚ ਗ੍ਰੀਕ ਰਾਜਾਂ ਨਾਲ ਸੰਬੰਧਿਤ 158 ਸੰਵਿਧਾਨ ਹਨ, ਜਿਨ੍ਹਾਂ ਵਿਚੋਂ 1890 ਵਿਚ ਲੱਭਿਆ ਗਿਆ 'ਏਥਨਜ਼ ਵਾਸੀਆਂ ਦਾ ਸੰਵਿਧਾਨ' ਹੀ ਅਜਿਹੀ ਰਚਨਾ ਹੈ ਜਿਹੜੀ ਹੁਣ ਤਕ ਬਚ ਸਕੀ ਹੈ। ਨਾਟਕੀ ਉਤਸਵਾਂ ਦਾ ਰਿਕਾਰਡ ਰੱਖਣ ਵਾਲੀ ਰਚਨਾ ਵੀ ਹੁਣ ਪ੍ਰਾਪਤ ਨਹੀਂ ਹੈ। ਇਹ ਸਪੱਸ਼ਟ ਹੀ ਹੈ ਕਿ ਅਰਸਤੂ ਨੇ ਆਪਣੇ ਜੀਵਨ-ਕਾਲ ਵਿਚ ਆਪਣੇ ਸਕੂਲ ਦੇ ਕਈ ਹੋਰ ਲੋਕਾਂ ਨੂੰ ਵੀ ਖੋਜ ਸਾਮੱਗਰੀ ਇਕੱਠੀ ਕਰਨ ਵਾਸਤੇ ਲਾਇਆ ਸੀ ਅਤੇ ਇਹ ਕੰਮ ਉਸ ਦੀ ਮੌਤ ਤੋਂ ਬਾਅਦ ਵੀ ਚਲਦਾ ਰਿਹਾ। ਬਾਅਦ ਦੇ ਲੇਖਕਾਂ ਨੇ ਇਸ ਸਾਮੱਗਰੀ ਤੋਂ ਭਰਪੂਰ ਸਹਾਇਤਾ ਲਈ ਅਤੇ ਬਨਸਪਤੀ ਸ਼ਾਸਤਰ, ਗਣਿਤ ਦੀਆਂ ਵੱਖ-ਵੱਖ ਸ਼ਾਖਾਵਾਂ ਅਤੇ ਈਸ਼ਵਰ-ਮੀਮਾਂਸਾ ਨਾਲ ਸੰਬੰਧਿਤ ਅਨੇਕਾਂ ਹੀ ਕੰਮ ਅਰਸਤੂ ਦੇ ਜੀਵਨ-ਕਾਲ ਤੋਂ ਬਾਅਦ ਵੀ ਚਲਦੇ ਰਹੇ।

## 3. ਵਿਗਿਆਨਕ ਅਤੇ ਦਾਰਸ਼ਨਿਕ ਰਚਨਾਵਾਂ

ਵਿਗਿਆਨਕ ਤੇ ਦਾਰਸ਼ਨਿਕ ਰਚਨਾਵਾਂ ਹੀ ਅਜਿਹੀਆਂ ਰਚਨਾਵਾਂ ਹਨ ਜਿਹੜੀਆਂ ਅਰਸਤੂ ਤੋਂ ਸੈਂਕੜੇ ਸਾਲਾਂ ਬਾਅਦ ਵੀ ਬਚ ਰਹੀਆਂ ਹਨ ਅਤੇ ਇਨ੍ਹਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :

1. **ਤਰਕ ਸ਼ਾਸਤਰ ਨਾਲ ਸੰਬੰਧਿਤ ਰਚਨਾਵਾਂ** :
   ਆਰਗੈਨਨ (Organon)
   ਕੈਟੇਗ੍ਰੀਜ਼ (Categories)
   ਆਨ ਇੰਟਰਪ੍ਰੇਟੇਸ਼ਨ (On Interpretation)
   ਪ੍ਰਾਇਰ ਐਂਡ ਪੋਸਟੀਰੀਅਰ ਐਨਾਲਿਟਿਕਸ (Prior and Posterior Analytics)
   ਟਾਪਿਕਸ (Topics)
   ਆਨ ਸਾਫਿਸਟੀਕਲ ਰਿਫਿਊਟੇਸ਼ਨਜ਼ (On Sophistical Refutations)

2. **ਭੌਤਿਕ ਸ਼ਾਸਤਰੀ ਰਚਨਾਵਾਂ :**

ਫਿਜ਼ਿਕਸ (Physics)

ਆਨ ਦ ਹੈਵਨਸ (On the Heavens)

ਆਨ ਕਮਿੰਗ-ਟੂ ਬੀ ਐਂਡ ਪਾਸਿੰਗ ਅਵੇ (On coming to be and Passing-away)

ਮੀਟੀਉਰੋਲਾਜਿਕਸ (Meteorologics)

3. **ਮਨੋਵਿਗਿਆਨਕ ਰਚਨਾਵਾਂ :**

ਆਨ ਦ ਸੋਲ (On the Soul)

ਪਰਵਾਨੈਚੁਰੇਲੀਆ (Parvanaturalia) : ਇਸ ਵਿਚ ਆਨ ਮੈਮਰੀ (On Memory) ਅਤੇ ਰਿਮਿਨਸ਼ੈਂਸ (Reminiscence), ਆਨ ਡ੍ਰੀਮਸ (On Dreams) ਅਤੇ ਆਨ ਪ੍ਰੋਫੇਸੀਂਗ ਬਾਈ ਡ੍ਰੀਮਸ (On Prophesying by Dreams) ਰਚਨਾਵਾਂ ਸ਼ਾਮਲ ਹਨ।

4. **ਕੁਦਰਤੀ ਇਤਿਹਾਸ ਨਾਲ ਸੰਬੰਧਿਤ ਰਚਨਾਵਾਂ :**

ਆਨ ਦ ਪਾਰਟਸ ਆਫ ਐਨੀਮਲਸ (On the Parts of Animals)

ਆਨ ਦ ਮੂਵਮੈਂਟ ਆਫ ਐਨੀਮਲਸ (On the Movement of Animals)

ਆਨ ਦ ਪ੍ਰੋਗਰੈਸ਼ਨ ਆਫ ਐਨੀਮਲਸ (On the Progression of Animals)

ਆਨ ਦ ਜੈਨਰੇਸ਼ਨ ਆਫ ਐਨੀਮਲਸ (On the Generations of Animals)

5. **ਦਾਰਸ਼ਨਿਕ ਰਚਨਾਵਾਂ :**

ਮੈਟਾਫਿਜ਼ਿਕਸ (Metaphysics)

ਨੀਕੋਮੈਕੀਅਨ ਐਥਿਕਸ (Nicomachean Ethics)

ਯੂਡੀਮਿਅਨ ਐਥਿਕਸ (Eudemian Ethics)

ਮੈਗਨਾ ਮੋਰੇਲਿਆ (Magna Moralia)
ਰ੍ਹੈਟੋਰਿਕ (Rhetoric)
ਪੋਇਟਿਕਸ (Poetics)

ਅਰਸਤੂ ਦੀਆਂ ਇਨ੍ਹਾਂ ਰਚਨਾਵਾਂ ਦੇ ਉੱਤੇ ਭਰਪੂਰ ਵਿਚਾਰ ਚਰਚਾ ਹੋਈ ਹੈ। ਕੁਝ ਲੋਕ ਇਹ ਮੰਨਦੇ ਹਨ ਕਿ ਇਹ ਰਚਨਾਵਾਂ ਜਾਂ ਤਾਂ ਅਰਸਤੂ ਦੇ ਆਪਣੇ ਲੈਕਚਰ ਨੋਟਸ ਹਨ ਅਤੇ ਜਾਂ ਫਿਰ ਉਸ ਦੇ ਚੇਲਿਆਂ ਦੁਆਰਾ ਲਏ ਗਏ ਲੈਕਚਰ ਨੋਟਸ ਹਨ। ਦੂਸਰੇ ਕੁਝ ਲੋਕ ਅਜਿਹੇ ਵੀ ਹਨ ਜੋ ਇਨ੍ਹਾਂ ਰਚਨਾਵਾਂ ਨੂੰ ਅਰਸਤੂ ਦੇ ਸਕੂਲ ਵਿਚ ਵਿਦਿਆਰਥੀਆਂ ਦੇ ਲਾਭ ਲਈ ਲਿਖਵਾਈਆਂ ਗਈਆਂ ਪਾਠ-ਪੁਸਤਕਾਂ ਜਾਂ ਵਿਸਤਾਰ ਸਹਿਤ ਤਿਆਰ ਕੀਤੇ ਗਏ ਨੋਟਸ ਮੰਨਦੇ ਹਨ। ਕੁਝ ਵੀ ਹੋਵੇ ਇਹ ਨਿਸਚਿਤ ਹੈ ਕਿ ਇਹ ਪਹਿਲਾਂ ਲਿਖੇ ਗਏ ਤੇ ਬਾਅਦ ਵਿਚ ਕਾਫ਼ੀ ਸਮੇਂ ਤਕ ਅਰਸਤੂ ਦੇ ਸਕੂਲ ਵਿਚ ਇਨ੍ਹਾਂ ਦਾ ਪ੍ਰਯੋਗ ਹੁੰਦਾ ਰਿਹਾ। ਇਨ੍ਹਾਂ ਵਿਚੋਂ ਕਈਆਂ ਨੂੰ ਸਕੂਲ ਦੇ ਹੋਰਨਾਂ ਮੈਂਬਰਾਂ ਨੇ ਸੰਪਾਦਿਤ ਕਰ ਦਿਤਾ ਹੋਵੇਗਾ ਅਤੇ ਇਹ ਮੰਨਿਆ ਜਾਂਦਾ ਹੈ ਕਿ ਥੀਓਫਰੈਸਟਸ ਦੀ ਮੌਤ ਤਕ ਇਨ੍ਹਾਂ ਵਿਚ ਕਾਫ਼ੀ ਚੀਜ਼ਾਂ ਜੁੜਦੀਆਂ ਗਈਆਂ ਤੇ ਇਨ੍ਹਾਂ ਦਾ ਹੋਰ ਵਿਸਤਾਰ ਹੁੰਦਾ ਗਿਆ।

ਅਰਸਤੂ ਦੇ ਵਿਚਾਰਾਂ ਦੇ ਵਿਸ਼ਲੇਸ਼ਣ ਤੋਂ ਪਹਿਲਾਂ ਉਸ ਦੀਆਂ ਰਚਨਾਵਾਂ ਦੇ ਇਤਿਹਾਸ ਬਾਰੇ ਜਾਣ ਲੈਣਾ ਅਯੋਗ ਨਹੀਂ ਹੋਵੇਗਾ। ਅਰਸਤੂ ਦੀ ਮੌਤ ਉਪਰੰਤ ਉਸ ਦੀਆਂ ਰਚਨਾਵਾਂ ਥੀਓਫਰੈਸਟਸ (Theophrastus) ਕੋਲ ਪਹੁੰਚ ਗਈਆਂ। ਉਸਨੇ ਅੱਗੇ ਟਰਾਡ (Troad) ਵਿਚਲੇ ਸੈਪਸਿਸ (Scepsis) ਦੇ ਨੇਲਯੂਜ਼ (Neleus) ਨੂੰ ਸੌਂਪ ਦਿੱਤੀਆਂ। ਪ੍ਰਚਲਤ ਪਰੰਪਰਾ ਅਨੁਸਾਰ ਇਹ ਰਚਨਾਵਾਂ ਨੇਲਯੂਜ਼ ਪਰਿਵਾਰ ਕੋਲ ਉਦੋਂ ਤਕ ਰਹੀਆਂ ਜਦੋਂ ਤਕ ਉਨ੍ਹਾਂ ਨੇ ਇਨ੍ਹਾਂ ਨੂੰ ਅਤੇ ਥੀਓਫਰੈਸਟਸ ਦੀਆਂ ਰਚਨਾਵਾਂ ਨੂੰ ਤੀਓਸ (Teos) ਦੇ ਐਪੇਲੀਕੋਨ (Apellicon) ਦੇ ਹੱਥ ਵੇਚ ਨਹੀਂ ਦਿੱਤੀਆਂ, ਜਿਸਦੀ ਕਿ 86 ਈ.ਪੂ. ਵਿਚ ਮੌਤ ਹੋਈ ਦਸੀ ਜਾਂਦੀ ਹੈ। ਐਪੇਲੀਕੋਨ ਨੇ ਇਨ੍ਹਾਂ ਨੂੰ ਪ੍ਰਕਾਸ਼ਿਤ ਕੀਤਾ ਪਰੰਤੂ ਕੀੜਿਆਂ ਦੇ ਖਾ ਜਾਣ ਤੇ ਸਲ੍ਹਾਬ ਕਾਰਨ ਇਨ੍ਹਾਂ ਵਿਚ ਰਹਿ ਗਈਆਂ ਖ਼ਾਲੀ ਥਾਵਾਂ ਨੂੰ ਉਹ ਠੀਕ ਨਾ ਕਰ ਸਕਿਆ। ਐਪੇਲੀਕੋਨ ਦੀ ਮੌਤ ਤੋਂ ਬਾਅਦ ਸੱਲਾ (Sulla) ਇਨ੍ਹਾਂ ਪੁਸਤਕਾਂ ਨੂੰ ਏਥਨਜ਼

ਤੋਂ ਰੋਮ ਲੈ ਆਇਆ। ਉਥੇ ਵੱਡੇ ਟਾਈਰੇਨੀਅਨ (Tyranion) ਨਾਮਕ ਵਿਅਕਤੀ ਨੇ ਉਹ ਪੁਸਤਕਾਂ ਲੈ ਲਈਆਂ ਅਤੇ ਪੈਰੀਪਟੈਟਿਕ ਸਕੂਲ ਦੇ ਗਿਆਰਵੇਂ ਮੁਖੀ ਰੋਡਸ (Rhodes) ਦੇ ਐਂਡਰੋਨੀਕਸ ਨਾਲ ਮਿਲ ਕੇ 43 ਅਤੇ 20 ਈ.ਪੂ. ਦੇ ਸਮੇਂ ਵਿਚ ਇਨ੍ਹਾਂ ਨੂੰ ਪ੍ਰਕਾਸ਼ਿਤ ਕੀਤਾ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਰਸਤੂ ਦੀਆਂ ਰਚਨਾਵਾਂ ਦੇ ਬਾਅਦ ਦੇ ਸਾਰੇ ਐਡੀਸ਼ਨ ਐਂਡਰੋਨੀਕਸ ਦੁਆਰਾ ਪ੍ਰਕਾਸ਼ਿਤ ਕੀਤੀਆਂ ਹੋਈਆਂ ਰਚਨਾਵਾਂ ਦੀ ਹੀ ਪ੍ਰਤੀਲਿਪੀ ਹਨ। ਅਰਸਤੂ ਦੀਆਂ ਕੁਝ ਮੁਖ ਰਚਨਾਵਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

## ਲਾਜਿਕ (Logic)

ਅਰਸਤੂ ਨੇ ਵਿਗਿਆਨਾਂ ਦਾ ਵਰਗੀਕਰਣ ਕਰਦੇ ਸਮੇਂ ਤਰਕ ਸ਼ਾਸਤਰ ਨੂੰ ਕਿਸੇ ਖ਼ਾਸ ਵਰਗੀਕਰਣ ਵਿਚ ਨਹੀਂ ਰੱਖਿਆ ਪਰ ਉਹ ਇਹ ਮੰਨਦਾ ਸੀ ਕਿ ਗਿਆਨ ਦੀ ਕਿਸੇ ਵੀ ਸ਼ਾਖਾ ਦਾ ਅਧਿਐਨ ਕਰਨ ਵਾਸਤੇ ਤਰਕ ਨੂੰ ਜਾਣਨਾ ਮੁਢਲੀ ਸ਼ਰਤ ਹੈ। ਇਸ ਲਈ ਤਰਕ ਅਰਸਤੂ ਵਾਸਤੇ ਅਧਿਐਨ ਦਾ ਇਕ ਸਾਧਨ (Organon) ਸੀ ਅਤੇ ਇਸੇ ਲਈ ਬਾਅਦ ਵਿਚ ਅਰਸਤੂ ਦੀਆਂ ਤਰਕ ਨਾਲ ਸੰਬੰਧਿਤ ਰਚਨਾਵਾਂ ਦਾ ਨਾਂ ਹੀ ਆਰਗੈਨਨ (Organon) ਪੈ ਗਿਆ। ਅਰਸਤੂ ਨੇ ਤਰਕ ਵਾਸਤੇ ਖ਼ੁਦ ਐਨਾਲਿਟਿਕਸ (Analytics) ਸ਼ਬਦ ਦਾ ਇਸਤੇਮਾਲ ਕੀਤਾ ਹੈ ਅਤੇ ਲਾਜਿਕ (Logic) ਸ਼ਬਦ ਬਾਅਦ ਵਿਚ ਆਧੁਨਿਕ ਅਰਥਾਂ ਵਿਚ ਵਰਤਿਆ ਗਿਆ ਹੈ। ਅਰਸਤੂ ਲਈ ਲਾਜਿਕ ਦੇ ਵਿਚ ਮੁਖ ਭਾਗ ਤਰਕ-ਵਿਧੀ (Syllogism) ਹੈ। ਅਰਸਤੂ ਦੀ ਰਚਨਾ ਆਰਗੈਨਨ (Organon) ਵਿਚ ਪਹਿਲਾਂ ਦੇ ਲਿਖੇ ਦੋ ਨਿਬੰਧ ਹਨ, 'ਕੈਟੇਗ੍ਰੀਜ਼' (The Categories) ਅਤੇ 'ਆਨ ਇੰਟਰਪ੍ਰੇਟੇਸ਼ਨ' (On Interpretation) ਅਤੇ ਇਨ੍ਹਾਂ ਦੋਨਾਂ ਵਿਚ ਕ੍ਰਮ ਅਨੁਸਾਰ ਸ਼ਬਦਾਂ ਅਤੇ ਸਿਧਾਂਤਾਂ ਬਾਰੇ ਲਿਖਿਆ ਗਿਆ ਹੈ। ਇਸ ਤੋਂ ਬਾਅਦ ਪ੍ਰਾਇਰ ਐਨਾਲਿਟਿਕਸ (Prior Analytics) ਹੈ ਜਿਸ ਵਿਚ ਤਰਕ-ਵਿਧੀ (Syllogism) ਬਾਰੇ ਚਰਚਾ ਹੈ ਅਤੇ ਉਸ ਤੋਂ ਬਾਅਦ ਪੋਸਟੀਰੀਅਰ ਐਨਾਲਿਟਿਕਸ (Posterior Analytics) ਹੈ ਜਿਸ ਵਿਚ





www.punjabilibrary.com

ਵਿਗਿਆਨਕ ਗਿਆਨ ਲਈ ਸ਼ਰਤਾਂ ਬਾਰੇ ਚਰਚਾ ਕੀਤੀ ਗਈ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਸੱਚ ਦੀ ਪ੍ਰਾਪਤੀ ਲਈ ਸਮਰੂਪਤਾ ਤੋਂ ਇਲਾਵਾ ਹੋਰ ਕੀ-ਕੀ ਜ਼ਰੂਰੀ ਹੈ। ਕੈਟੇਗ੍ਰੀਜ਼ (Categories) ਅਤੇ ਆਨ ਇੰਟਰਪ੍ਰੇਟੇਸ਼ਨ (On Interpretation) ਨਾਮਕ ਰਚਨਾਵਾਂ ਨੂੰ ਵੀ ਹੁਣ ਅਰਸਤੂ ਦੀਆਂ ਪਹਿਲੀਆਂ ਰਚਨਾਵਾਂ ਮੰਨਿਆ ਜਾਂਦਾ ਹੈ ਪਰੰਤੂ ਫਿਰ ਵੀ ਕੈਟੇਗ੍ਰੀਜ਼ (Categories) ਨਾਮਕ ਰਚਨਾ ਬਹੁਤ ਹੀ ਮਹੱਤਵਪੂਰਨ ਹੈ। ਪਲੈਟੋ ਦੇ ਵਿਗਿਆਨਾਂ (Ideas) ਦੇ ਸਿਧਾਂਤ ਦੀ ਆਲੋਚਨਾ ਕਰਨ ਲਈ ਅਰਸਤੂ ਕੈਟੇਗ੍ਰੀਜ਼ ਦਾ ਉਪਯੋਗ ਕਰਦਾ ਹੈ। ਅਰਸਤੂ ਦੇ ਮੁਤਾਬਕ ਪਲੈਟੋ ਪਦਾਰਥਾਂ ਦੇ ਵਰਗੀਕਰਣ ਅਤੇ ਹੋਰਨਾਂ ਦੇ ਵਰਗੀਕਰਣ ਕਰਦੇ ਸਮੇਂ ਖ਼ੁਦ ਉਲਝਣ ਵਿਚ ਸੀ। 'ਕੈਟੇਗ੍ਰੀਜ਼' ਦੇ ਪੰਜਵੇਂ ਅਧਿਆਇ ਵਿਚ ਅਰਸਤੂ ਪਦਾਰਥਾਂ ਦਾ ਵਰਗੀਕਰਣ ਕਰਦਾ ਹੋਇਆ ਉਨ੍ਹਾਂ ਨੂੰ ਮੂਲ ਪਦਾਰਥ ਅਤੇ ਸਹਾਇਕ ਪਦਾਰਥ ਦੇ ਰੂਪ ਵਿਚ ਵੇਖਦਾ ਹੈ। ਮੂਲ ਪਦਾਰਥਾਂ ਵਿਚ ਵਿਅਕਤੀ ਵਿਸ਼ੇਸ਼ ਅਤੇ ਹੋਰ ਜਾਨਵਰ ਵਿਸ਼ੇਸ਼ ਆਉਂਦੇ ਹਨ ਅਤੇ ਸਹਾਇਕ ਪਦਾਰਥਾਂ ਵਿਚ ਇਨ੍ਹਾਂ ਪਦਾਰਥਾਂ ਦੀਆਂ ਨਸਲਾਂ ਨੂੰ ਰੱਖਿਆ ਗਿਆ ਹੈ। ਅਜਿਹੇ ਵਰਗੀਕਰਣ ਕਰਕੇ ਅਰਸਤੂ ਦਿਨ ਪ੍ਰਤੀਦਿਨ ਪਲੈਟੋਵਾਦ ਤੋਂ ਦੂਰ ਹੁੰਦਾ ਚਲਾ ਗਿਆ।

## ਫਿਜ਼ਿਕਸ (Physics)

ਅਰਸਤੂ ਨੇ ਆਪਣੀ ਪੁਸਤਕ ਫਿਜ਼ਿਕਸ (Physics) ਵਿਚ ਪਰਿਵਰਤਨ ਦੀ ਵਿਆਖਿਆ ਕੀਤੀ ਹੈ। ਜਿਸ ਵਿਚ ਉਸ ਨੇ ਅਰੰਭ ਵਿਚ ਹੀ ਸਮਝਾਇਆ ਹੈ ਕਿ ਪਰਿਵਰਤਨ ਪਦਾਰਥ ਵਿਚ ਕਿਸੇ ਵਿਸ਼ੇਸ਼ ਰੂਪ ਨੂੰ ਪ੍ਰਾਪਤ ਕਰਨ ਵਾਸਤੇ ਹੁੰਦਾ ਹੈ। ਇਸ ਲਈ ਪਰਿਵਰਤਨ ਦੀਆਂ ਤਿੰਨ ਸਥਿਤੀਆਂ ਹਨ : ਪਦਾਰਥ, ਗੁਪਤ ਕਿਰਿਆ ਅਤੇ ਆਕਾਰ। ਵਿਚਕਾਰਲੀ ਗੁਪਤ ਕਿਰਿਆ ਬਿਲਕੁਲ ਅਦਿੱਖ ਹੈ ਤੇ ਇੰਜ ਲੱਗਦਾ ਹੈ ਕਿ ਇਸ ਦੀ ਦਰਅਸਲ ਅਣਹੋਂਦ ਹੀ ਹੈ ਪਰ ਕਿਉਂਕਿ ਵਸਤੂ ਪਦਾਰਥ ਦਾ ਨਵਾਂ ਰੂਪ ਇਸੇ ਅਣਹੋਂਦ ਵਾਲੀ ਕਿਰਿਆ ਤੋਂ ਹੀ ਪੈਦਾ ਹੁੰਦਾ ਹੈ ਇਸ ਲਈ ਰਚਨਾ ਨੂੰ ਸੁੰਨ (ਕੁਝ ਨਹੀਂ) ਵਿਚੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ। 'ਫਿਜ਼ਿਕਸ'

ਦੇ ਪਹਿਲੇ ਸਤ ਅਧਿਆਇ ਜੀਗਰ ਦੇ ਅਨੁਸਾਰ ਅਰਸਤੂ ਦੇ ਚਿੰਤਨ ਦੇ ਵਿਕਾਸ ਦੇ ਪਹਿਲੇ ਪੜਾਵਾਂ ਨਾਲ ਸੰਬੰਧਿਤ ਹਨ ਅਤੇ ਪਦਾਰਥ ਵਿਚਲੀ ਸ਼ਕਤੀ ਨੂੰ ਪਰਿਵਰਤਨ ਦਾ ਕਾਰਨ ਮੰਨਣ ਦਾ ਸਿਧਾਂਤ ਅਰਸਤੂ ਨਾਲ ਕਦੋਂ ਜੁੜਿਆ, ਇਸ ਦਾ ਕੋਈ ਪ੍ਰਤੱਖ ਪ੍ਰਮਾਣ ਨਹੀਂ ਹੈ।

ਆਪਣੀ ਰਚਨਾ 'ਕੈਟੇਗ੍ਰੀਜ਼' ਵਿਚ ਅਰਸਤੂ ਇਹ ਮੰਨਦਾ ਹੈ ਕਿ ਪਦਾਰਥ ਵਿਚ ਆਪਣੇ ਸੁਭਾਅ ਤੋਂ ਉਲਟ ਗ੍ਰਹਿਣ ਕਰਨ ਦੀ ਸ਼ਕਤੀ ਹੁੰਦੀ ਹੈ। 'ਫਿਜ਼ਿਕਸ' ਵਿਚ ਪਰਿਵਰਤਨ ਵਿਰੋਧੀ ਤੋਂ ਵਿਰੋਧੀ ਵੱਲ ਹੁੰਦਾ ਹੈ ਅਤੇ ਇਸ ਤੋਂ ਇੰਜ ਲਗਦਾ ਹੈ ਕਿ ਇਕ ਪਦਾਰਥ ਤੋਂ ਉਸੇ ਤਰ੍ਹਾਂ ਦਾ ਦੂਜਾ ਪਦਾਰਥ ਪੈਦਾ ਨਹੀਂ ਹੋ ਸਕਦਾ। ਆਪਣੀ ਰਚਨਾ 'ਆਨ ਕਮਿੰਗ ਟੂ ਬੀ' (On Coming to be) ਅਤੇ 'ਪਾਸਿੰਗ ਅਵੇ' (Passing away) ਵਿਚ ਅਰਸਤੂ ਨੇ ਪਦਾਰਥ ਦੀ ਉਤਪਤੀ ਉਤੇ ਵਿਸਤਾਰਪੂਰਵਕ ਚਰਚਾ ਕੀਤੀ ਹੈ। ਇਸ ਵਿਚ ਇਕ ਅੰਦਰੂਨੀ ਸ਼ਕਤੀ ਦੀ ਕਲਪਨਾ ਕੀਤੀ ਗਈ ਹੈ ਅਤੇ ਉਸ ਨੂੰ ਸਾਰੇ ਪਦਾਰਥਾਂ ਦਾ ਮੂਲ ਸਰੋਤ ਮੰਨਿਆ ਗਿਆ ਹੈ। 'ਮੈਟਾਫਿਜ਼ਿਕਸ' ਵਿਚ ਵੀ ਪਦਾਰਥ ਨਾਲ ਸੰਬੰਧਿਤ ਕੁਝ ਅਜਿਹਾ ਹੀ ਚਿੰਤਨ ਕੀਤਾ ਗਿਆ ਹੈ। ਅਰਸਤੂ ਇਹ ਮੰਨਦਾ ਹੈ ਕਿ ਦਰਅਸਲ ਪਦਾਰਥ ਦੀ ਹੋਂਦ ਜਾਂ ਅਣਹੋਂਦ ਉਸ ਦੇ ਕਿਸੇ ਖ਼ਾਸ ਰੂਪ ਵਿਚ ਨਹੀਂ ਹੁੰਦੀ ਅਤੇ ਜਿਸ ਕਾਸੇ ਦੀ ਹੋਂਦ ਹੁੰਦੀ ਹੈ ਉਹ ਹੋਂਦ ਪਦਾਰਥ ਅਤੇ ਉਸ ਦੇ ਆਕਾਰ ਦਾ ਮਿਲਿਆ ਹੋਇਆ ਰੂਪ ਹੁੰਦੀ ਹੈ। ਕਿਹਾ ਜਾ ਸਕਦਾ ਹੈ ਕਿ ਪਦਾਰਥ ਅਤੇ ਉਸ ਦਾ ਆਕਾਰ ਇਕ ਗੁਪਤ ਸ਼ਕਤੀ ਦੇ ਰੂਪ ਵਿਚ ਪਹਿਲਾਂ ਤੋਂ ਹੀ ਵਿਦਮਾਨ ਹੁੰਦੇ ਹਨ। ਇਸ ਤਰ੍ਹਾਂ ਪਦਾਰਥ ਦੀ ਹੋਂਦ ਦੇ ਦੋ ਕਾਰਨ ਅਰਥਾਤ ਪਦਾਰਥ ਅਤੇ ਉਸ ਦਾ ਆਕਾਰ ਮੰਨੇ ਗਏ ਹਨ। ਪਰ ਇਨ੍ਹਾਂ ਦੇ ਨਾਲ ਕਿਸੇ ਵੀ ਪਦਾਰਥ ਦੀ ਹੋਂਦ ਦੇ ਪਿਛੇ ਦੋ ਹੋਰ ਕਾਰਨਾਂ ਨੂੰ ਵੀ ਜੋੜ ਕੇ ਸਮਝਿਆ ਗਿਆ ਹੈ। ਇਹ ਦੋ ਕਾਰਨ ਹਨ—ਨਿਮਿੱਤ ਕਾਰਨ (Efficient Cause) ਅਤੇ ਉਦੇਸ਼ ਕਾਰਨ (Final Cause)। ਇਨ੍ਹਾਂ ਚਾਰੇ ਕਾਰਨਾਂ ਨੂੰ ਪਲੈਟੋ ਦੀਆਂ ਰਚਨਾਵਾਂ ਵਿਚ ਵੀ ਵੇਖਿਆ ਜਾ ਸਕਦਾ ਹੈ, ਉਥੇ ਇਹ ਇਕ ਵਿਸ਼ੇਸ਼ ਸਿਸਟਮ ਵਿਚ ਬੱਝੇ ਹੋਏ ਵਿਖਾਈ ਨਹੀਂ ਦਿੰਦੇ ਜਿਵੇਂ ਕਿ ਇਹ ਅਰਸਤੂ ਦੀਆਂ ਰਚਨਾਵਾਂ ਵਿਚ ਹਨ।

ਅਰਸਤੂ ਲਈ ਜਾਣਨ ਦਾ ਅਰਥ ਹੈ ਕਾਰਨਾਂ ਬਾਰੇ ਜਾਣਨਾ। ਕਿਸੇ ਵਸਤੂ ਦਾ ਅਧਿਐਨ ਕਰਨ ਲਈ ਇਨ੍ਹਾਂ ਉਪਰੋਕਤ ਚਾਰ ਕਾਰਨਾਂ ਬਾਰੇ ਜਾਣਨਾ ਜ਼ਰੂਰੀ ਹੈ। ਉਪਾਦਾਨ ਕਾਰਨ ਜਾਂ ਪਦਾਰਥਕ ਕਾਰਨ ਵਸਤੂ ਵਿਚ ਵਰਤੇ ਗਏ ਪਦਾਰਥ ਨੂੰ ਕਿਹਾ ਜਾਂਦਾ ਹੈ ਜਿਵੇਂ ਕਿ ਤਾਂਬੇ ਦੇ ਬੁੱਤ ਵਿਚ ਲਗਾ ਹੋਇਆ ਤਾਂਬਾ। ਉਦੇਸ਼ ਕਾਰਨ ਉਹ ਅਵਸਥਾ ਜਾਂ ਸਥਿਤੀ ਹੈ ਜਿਸ ਲਈ ਤਾਂਬੇ ਨੂੰ ਬੁੱਤ ਦਾ ਆਕਾਰ ਦਿੱਤਾ ਗਿਆ ਅਤੇ ਨਿਮਿੱਤ ਕਾਰਨ ਉਹ ਸ਼ਕਤੀ ਹੈ ਜਿਹੜੀ ਤਾਂਬੇ ਦੇ ਰੂਪ ਵਿਚ ਤਬਦੀਲੀ ਲਿਆ ਕੇ ਉਸਨੂੰ ਬੁੱਤ ਬਣਾਉਂਦੀ ਹੈ। ਕੁਝ ਮਾਮਲਿਆਂ ਵਿਚ ਇਹ ਸ਼ਕਤੀ ਕੋਈ ਵਿਅਕਤੀ ਵੀ ਹੋ ਸਕਦਾ ਹੈ। ਇਹ ਲਗ ਸਕਦਾ ਹੈ ਕਿ ਪਦਾਰਥ ਅਤੇ ਆਕਾਰ ਉਸ ਪਦਾਰਥ ਦੇ ਵਿਚ ਹੁੰਦੇ ਹਨ ਅਤੇ ਨਿਮਿੱਤ ਕਾਰਨ ਅਤੇ ਉਦੇਸ਼ ਕਾਰਨ ਪਦਾਰਥ ਤੋਂ ਬਾਹਰ ਹੁੰਦੇ ਹਨ, ਪਰੰਤੂ ਅਰਸਤੂ ਦਾ ਇਹ ਭਾਵ ਨਹੀਂ ਹੈ। ਦਰਅਸਲ ਆਪਣੇ ਇਨ੍ਹਾਂ ਚਾਰ ਕਾਰਨਾਂ ਦੇ ਸਿਧਾਂਤ ਨਾਲ ਅਰਸਤੂ ਵਸਤੂ ਨੂੰ ਨਹੀਂ ਬਲਕਿ ਉਸ ਵਿਚਲੇ ਹੋਣ ਵਾਲੇ ਪਰਿਵਰਤਨ ਦੀ ਪ੍ਰਕ੍ਰਿਆ ਨੂੰ ਸਮਝਾਉਣ ਦਾ ਉਪਰਾਲਾ ਕਰਦਾ ਹੈ। ਦੂਸਰੀ ਗੱਲ ਇਹ ਵੀ ਹੈ ਕਿ ਆਪਣੀ ਰਚਨਾ 'ਫਿਜ਼ਿਕਸ' ਵਿਚ ਅਰਸਤੂ ਦਸਦਾ ਹੈ ਕਿ ਕਦੀ ਕਦੀ ਇਹ ਚਾਰੇ ਕਾਰਨ ਇਕ ਦੂਜੇ ਵਿਚ ਰਲਗੱਡ ਹੋਏ ਵੀ ਵੇਖੇ ਜਾਂਦੇ ਹਨ। ਜੀਵਤ ਪ੍ਰਾਣੀਆਂ ਦੇ ਸੰਦਰਭ ਵਿਚ ਪ੍ਰਾਣੀਆਂ ਦਾ ਸਰੂਪ ਹੀ ਉਹ ਉਦੇਸ਼ ਵੀ ਹੋ ਸਕਦਾ ਹੈ ਜਿਸ ਲਈ ਕੁਦਰਤ ਕ੍ਰਿਆਸ਼ੀਲ ਹੁੰਦੀ ਹੈ। ਪਦਾਰਥਾਂ ਦੇ ਸੰਦਰਭ ਵਿਚ ਉਦੇਸ਼ ਕਾਰਨ ਹੀ ਉਹ ਸਰੂਪ ਕਾਰਨ ਹੋ ਸਕਦਾ ਹੈ ਜਿਹੜਾ ਕਲਾਕਾਰ ਦੇ ਮਨ ਵਿਚ ਪਹਿਲਾਂ ਹੀ ਬਿਰਾਜਮਾਨ ਹੋਵੇ। ਇਸ ਮਾਮਲੇ ਵਿਚ ਸਰੂਪ ਕਾਰਨ ਹੀ ਨਿਮਿੱਤ ਕਾਰਨ ਵੀ ਹੋ ਸਕਦਾ ਹੈ ਕਿਉਂਕਿ ਕਲਾਕਾਰ ਦੇ ਮਨ ਵਿਚਲਾ ਪਦਾਰਥ ਦਾ ਸੰਕਲਪ ਹੀ ਪਦਾਰਥ ਨੂੰ ਇਕ ਖ਼ਾਸ ਸਰੂਪ ਪ੍ਰਦਾਨ ਕਰਨ ਦੀ ਕਿਰਿਆ ਦਾ ਮੂਲ ਕਾਰਨ ਹੋਵੇਗਾ। ਇਸ ਤਰ੍ਹਾਂ ਜੇ ਇਸ ਕਾਰਨ ਸਿਧਾਂਤ ਨੂੰ ਹੋਰ ਪਦਾਰਥਾਂ ਉਤੇ ਲਾਗੂ ਕਰੀਏ ਤਾਂ ਇਸ ਸਿਧਾਂਤ ਦੀ ਸੂਖਮਤਾ ਅਤੇ ਵਿਸਤਾਰ ਨੂੰ ਹੋਰ ਵੀ ਵਧੇਰੇ ਸਮਝਿਆ ਜਾ ਸਕਦਾ ਹੈ। ਉਦਾਹਰਣ ਵਜੋਂ ਇਕ ਸ਼ਹਿਰ ਦੇ ਸੰਦਰਭ ਵਿਚ ਸ਼ਹਿਰ ਦਾ ਪਦਾਰਥ ਤਾਂ ਮਨੁੱਖ ਹਨ, ਉਸਦਾ ਪ੍ਰਬੰਧ ਹੀ ਉਸ ਸ਼ਹਿਰ ਦਾ ਸਰੂਪ ਹੈ, ਉਦੇਸ਼ ਕਾਰਨ ਉਸ ਦਾ ਰਹਿਣ ਸਹਿਣ

ਹੈ ਅਤੇ ਨਿਮਿੱਤ ਕਾਰਨ ਉਸ ਸ਼ਹਿਰ ਦੇ ਕੁਝ ਜਾਂ ਸਾਰੇ ਵਿਅਕਤੀਆਂ ਦੁਆਰਾ ਉਦੇਸ਼ ਕਾਰਨ ਨੂੰ ਸਵੀਕਾਰ ਕੀਤਾ ਜਾਣਾ ਮੰਨਿਆ ਜਾ ਸਕਦਾ ਹੈ।

**ਗਤੀ ਦਾ ਮੂਲ ਕਾਰਨ** : ਪਦਾਰਥ ਜਾਂ ਜੀਵ ਦੀ ਅੰਦਰੂਨੀ ਗਤੀ ਅਤੇ ਬਾਹਰੀ ਗਤੀ ਵਿਚਲੇ ਭੇਦ ਦੇ ਸੰਦਰਭ ਵਿਚ ਸੋਚਿਆਂ ਇਕ ਅੱਤ ਜ਼ਰੂਰੀ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਦਰਅਸਲ ਇਨ੍ਹਾਂ ਸਾਰੀਆਂ ਗਤੀਆਂ ਦਾ ਮੂਲ ਕਾਰਨ ਕੀ ਹੈ। ਸੁਕਰਾਤ ਤੋਂ ਪੂਰਬਲੇ ਫਿਲਾਸਫਰਾਂ ਨੇ ਪਦਾਰਥਾਂ ਦੇ ਅੰਦਰ ਹੀ ਇਕ ਜੀਵੰਤ ਮੂਲ ਦੀ ਕਲਪਨਾ ਕੀਤੀ ਹੈ ਜੋ ਗਤੀ ਦਾ ਉਤਪਾਦਕ ਹੈ। ਪਾਰਮੇਨਾਈਡੀਜ਼ ਤੋਂ ਬਾਅਦ ਦੇ ਚਿੰਤਕਾਂ ਨੇ ਗਤੀ ਦਾ ਕਾਰਨ ਬਾਹਰੀ ਸ਼ਕਤੀ ਨੂੰ ਮੰਨਿਆ। ਪਲੈਟੋ ਨੇ ਇਹ ਅਨੁਮਾਨ ਲਾਇਆ ਕਿ ਗਤੀ ਦਾ ਮੁਖ ਸਰੋਤ ਉਹ ਹੋ ਸਕਦਾ ਹੈ ਜਿਹੜਾ ਆਪ ਵੀ ਗਤੀਸ਼ੀਲ ਹੋਵੇ ਅਤੇ ਦੂਜਿਆਂ ਵਿਚ ਵੀ ਗਤੀ ਪੈਦਾ ਕਰ ਸਕਦਾ ਹੋਵੇ। ਇਸ ਸਰੋਤ ਨੂੰ ਉਸ ਨੇ ਆਤਮਾ ਕਿਹਾ। ਆਤਮਾ ਹੀ ਚੰਨ ਸੂਰਜ ਨੂੰ ਚਲਾਉਂਦੀ ਹੈ ਪਰੰਤੂ ਪਲੈਟੋ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਕੀ ਸੂਰਜ ਚੰਨ ਵਿਚ ਬੰਦਿਆਂ ਦੀ ਤਰ੍ਹਾਂ ਹੀ ਆਤਮਾ ਹੈ ਜਾਂ ਆਤਮਾ ਬਾਹਰੋਂ ਸੂਰਜ ਚੰਨ ਨੂੰ ਧੱਕਦੀ ਹੋਈ ਗਤੀਸ਼ੀਲ ਕਰਦੀ ਹੈ। ਪਰੰਤੂ ਦਰਅਸਲ ਪਲੈਟੋ ਲਈ ਤਾਂ ਇਹ ਸੰਸਾਰ ਅਸਲੀ ਨਾ ਹੋ ਕੇ ਮੂਲ ਵਿਗਿਆਨਾਂ (Ideas) ਦਾ ਪ੍ਰਤੀਬਿੰਬ ਮਾਤਰ ਸੀ। ਇਸ ਲਈ ਗਤੀ ਜਗਤ ਵਿਚ ਨਾ ਹੋ ਕੇ ਮੂਲ ਵਿਗਿਆਨਾਂ ਵਿਚ ਹੀ ਹੁੰਦੀ ਹੋਵੇਗੀ ਅਤੇ ਇਸੇ ਲਈ ਪਲੈਟੋ ਗਤੀ ਅਤੇ ਗਤੀ ਦੇ ਮੂਲ ਕਾਰਨ ਦੀ ਵਿਆਖਿਆ ਸੰਤੋਸ਼ਜਨਕ ਤਰੀਕੇ ਨਾਲ ਨਹੀਂ ਕਰ ਪਾਉਂਦਾ। ਅਰਸਤੂ ਸੁਕਰਾਤ ਦੇ ਪੂਰਬਲੇ ਚਿੰਤਕਾਂ ਦੀ ਤੰਦ ਨੂੰ ਫੜਕੇ ਉਨ੍ਹਾਂ ਤੋਂ ਸ਼ੁਰੂ ਕਰਦਾ ਹੈ ਜਿਹੜੇ ਇਹ ਮੰਨਦੇ ਹਨ ਕਿ ਪ੍ਰਕ੍ਰਿਤੀ ਦੇ ਵਿਚ ਹੀ ਉਸਦੀ ਗਤੀ ਦਾ ਮੂਲ ਕਾਰਨ ਹੈ।

'ਆਨ ਫਿਲਾਸਫੀ' (On Philosophy) ਵਿਚ ਅਰਸਤੂ ਕੁਦਰਤ, ਬਲ ਅਤੇ ਸੁਤੰਤਰ ਇੱਛਾ ਸ਼ਕਤੀ ਨੂੰ ਗਤੀ ਦੇ ਕਾਰਨ ਮੰਨਦਾ ਹੈ। ਇਸ ਬਾਰੇ ਅਰਸਤੂ ਦੇ ਚਿੰਤਨ ਦਾ ਇਹ ਪਹਿਲਾ ਪੜਾਅ ਹੈ ਜਿਸ ਵਿਚ ਬ੍ਰਹਿਮੰਡ ਦੇ ਇਕੱਲੇ ਚਾਲਕ ਬਾਰੇ ਕੋਈ ਗੱਲਬਾਤ ਨਹੀਂ ਹੈ। 'ਆਨ ਦ ਹੈਵਨਸ' (On the Heavens) ਵਿਚ ਕੁਦਰਤੀ ਗਤੀ ਦੇ ਸਿਧਾਂਤ ਨੂੰ ਇਕ ਕਦਮ ਹੋਰ ਅਗੇ ਲਿਜਾਇਆ ਗਿਆ ਹੈ। ਚਾਰ ਤੱਤਾਂ ਵਿਚੋਂ ਹਵਾ ਅਤੇ ਅਗਨੀ

ਉਪਰ ਨੂੰ ਜਾਂਦੇ ਹਨ ਅਤੇ ਧਰਤੀ ਅਤੇ ਪਾਣੀ ਦੀ ਗਤੀ ਹੇਠਾਂ ਨੂੰ ਹੈ। ਇਸ ਸਿਧਾਂਤ ਨੂੰ ਪਹਿਲਾਂ 'ਆਨ ਫਿਲਾਸਫੀ' ਵਿਚ ਵੀ ਦਰਸਾਇਆ ਗਿਆ ਹੈ। ਏਥੇ ਹੁਣ ਇਕ ਪੰਜਵੇਂ ਤੱਤ ਈਥਰ ਦੀ ਚਰਚਾ ਕੀਤੀ ਗਈ ਹੈ ਜਿਸਦੀ ਗਤੀ ਚਕਰਾਕਾਰ ਹੈ ਅਤੇ ਇਹੀ ਗਤੀ ਤਾਰਿਆਂ ਦੀ ਗਤੀ ਦੀ ਵਿਆਖਿਆ ਕਰਦੀ ਹੈ ਕਿਉਂਕਿ ਤਾਰੇ ਵੀ ਈਥਰ ਦੇ ਹੀ ਬਣੇ ਹੋਏ ਹਨ। ਇਸ ਰਚਨਾ ਵਿਚ ਗਤੀ ਦੇ ਦੋ ਸਰੋਤ ਹੀ ਵਿਖਾਈ ਦਿੰਦੇ ਹਨ—ਕੁਦਰਤ ਅਤੇ ਬਲ ਪਰੰਤੂ ਅਜੇ ਤਕ ਵੀ ਅਰਸਤੂ ਕਿਸੇ ਅਗੰਮੀ ਚਾਲਕ ਦੀ ਗੱਲ ਨਹੀਂ ਕਰਦਾ। 'ਆਨ ਦ ਹੈਵਨਸ' ਅਤੇ 'ਆਨ ਫਿਲਾਸਫੀ' ਦੇ ਆਧਾਰ ਤੇ ਇਹ ਸਮਝਿਆ ਜਾ ਸਕਦਾ ਹੈ ਕਿ ਜੀਵਿਤ ਪ੍ਰਾਣੀ ਆਪ ਹੀ ਗਤੀਸ਼ੀਲ ਹੁੰਦੇ ਹਨ ਅਤੇ ਕੁਝ ਅਵਸਰਾਂ ਤੇ ਇਹ ਬਾਹਰੀ ਬਲ ਕਾਰਨ ਗਤੀ ਵਿਚ ਆਉਂਦੇ ਹਨ। ਪਰੰਤੂ ਫਿਰ ਵੀ ਜੀਵਿਤ ਪ੍ਰਾਣੀ ਆਖ਼ਰ ਗਤੀਸ਼ੀਲ ਕਿਉਂ ਹੁੰਦੇ ਹਨ ? ਇਸ ਪ੍ਰਸ਼ਨ ਨੂੰ 'ਫਿਜ਼ਿਕਸ' ਦੇ ਅਠਵੇਂ ਅਧਿਆਇ ਵਿਚ ਹੱਲ ਕੀਤਾ ਗਿਆ ਹੈ। ਏਥੇ ਇਹ ਦਸਿਆ ਗਿਆ ਹੈ ਕਿ ਸਵੈਚਾਲਿਤ ਚਾਲਕ ਨੂੰ ਵੀ ਗਤੀ ਲਈ ਕਿਸੇ ਬਾਹਰੀ ਕਾਰਨ ਦੀ ਲੋੜ ਹੁੰਦੀ ਹੈ। ਪਰੰਤੂ ਇਸ ਤਰ੍ਹਾਂ ਅਨੰਤ ਅਨਾਵਸਥਾ (infinite regress) ਦੋਸ਼ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਇਸ ਤੋਂ ਬਚਣ ਲਈ ਸਾਨੂੰ ਇਹ ਮੰਨਣਾ ਪਏਗਾ ਕਿ ਅਨੰਤ ਗਤੀਆਂ ਦੇ ਪਿਛੇ ਕੇਵਲ ਇਕ ਸਥਿਰ ਚਾਲਕ ਹੈ ਜਿਹੜਾ ਸਾਰਿਆਂ ਨੂੰ ਗਤੀਸ਼ੀਲ ਰਖਦਾ ਹੈ। ਇਹ ਸਥਿਰ ਚਾਲਕ ਸਦੀਵੀ ਅਤੇ ਅਪਦਾਰਥਕ ਹੈ।

## ਸਾਈਕੋਲੋਜੀ (Psychology)

ਅਰਸਤੂ ਲਈ ਆਤਮਾ ਅਤੇ ਜੀਵਨ ਦੀ ਖੋਜ ਭੌਤਿਕ ਜਗਤ ਦੇ ਅਧਿਐਨ ਦਾ ਹੀ ਇਕ ਭਾਗ ਹੈ। 'ਯੂਡੀਮਸ' (Eudemus) ਵਿਚ ਅਰਸਤੂ ਨੇ ਆਤਮਾ ਦੀ ਪੂਰਬਲੀ ਹੋਂਦ ਬਾਰੇ ਤਰਕ ਦਿੱਤੇ ਹਨ ਅਤੇ ਆਤਮਾ ਇਕਸੁਰਤਾ ਹੈ,ਦੇ ਸਿਧਾਂਤ ਦਾ ਖੰਡਨ ਕਰਦਿਆਂ ਹੋਇਆਂ ਉਹ ਦਰਅਸਲ ਪਲੈਟੋ ਦੇ ਆਤਮਾ ਦੇ ਸਿਧਾਂਤ ਦੀ ਪ੍ਰੋੜ੍ਹਤਾ ਹੀ ਕਰ ਰਿਹਾ ਸੀ ਜਿਸ ਵਿਚ ਆਤਮਾ ਦੇ ਜਨਮ ਤੋਂ ਪਹਿਲਾਂ ਦੇ ਗਿਆਨ ਪ੍ਰਾਪਤੀ ਦੇ ਸਿਧਾਂਤ ਦੀ ਗੱਲ ਕੀਤੀ ਗਈ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਸਰੀਰ ਵਿਚ ਆਤਮਾ



www.punjabilibrary.com

ਦਾ ਜੀਵਨ ਕੁਦਰਤ ਦੇ ਵਿਰੁਧ ਹੈ। 'ਪ੍ਰੋਟਰੈਪਟੀਕਸ' (Protrepticus) ਵਿਚ ਬੇਸ਼ਕ ਆਤਮਾ ਨੂੰ ਸਰੀਰ ਨਾਲੋਂ ਵਧ ਮਹੱਤਵਪੂਰਨ ਮੰਨਿਆ ਗਿਆ ਹੈ ਪਰ ਫਿਰ ਵੀ ਇਸ ਗੱਲ ਦਾ ਕੋਈ ਪੱਕਾ ਸੰਕੇਤ ਨਹੀਂ ਮਿਲਦਾ ਕਿ 'ਯੂਡੀਮਸ' ਵਿਚ ਪ੍ਰਗਟਾਏ ਸਿਧਾਂਤਾਂ ਨਾਲੋਂ ਏਥੇ ਕੋਈ ਵੱਖਰਾਪਨ ਹੈ। ਪਰੰਤੂ ਅਰਸਤੂ ਦੀ ਰਚਨਾ 'ਫਰੈਗਮੈਂਟ' (Fragment) ਵਿਚ ਇਹ ਦਸਿਆ ਗਿਆ ਹੈ ਕਿ ਆਤਮਾ ਸਰੀਰ ਦੇ ਹਰ ਹਿੱਸੇ ਵਿਚ ਉਸੇ ਹਿੱਸੇ ਦੇ ਅਨੁਪਾਤ ਵਿਚ ਜੜੀ ਹੋਈ ਹੈ। ਇਸ ਵਿਚਾਰ ਤੋਂ ਇਹ ਸਪੱਸ਼ਟ ਹੈ ਕਿ ਆਤਮਾ ਇਕ ਵੱਖਰਾ ਪਦਾਰਥ ਹੈ। ਆਤਮਾ ਅਤੇ ਸਰੀਰ ਦੇ ਵਖਰੇਵੇਂ ਦਾ ਵਿਚਾਰ ਅਰਸਤੂ ਦੀਆਂ ਜੀਵ ਵਿਗਿਆਨਕ ਰਚਨਾਵਾਂ (Parva Naturalia) ਵਿਚ ਵੀ ਮਿਲਦਾ ਹੈ ਜਿਨ੍ਹਾਂ ਵਿਚ ਆਤਮਾ ਦਾ ਭੌਤਿਕ ਆਧਾਰ ਗਰਮੀ (heat) ਨੂੰ ਮੰਨਿਆ ਗਿਆ ਹੈ ਅਤੇ ਇਸ ਤਾਪ ਨੂੰ ਸਰੀਰ ਦੇ ਕੇਂਦਰੀ ਸਥਾਨ ਦਿਲ ਵਿਚ ਸਥਿਤ ਮੰਨਿਆ ਗਿਆ ਹੈ। ਅਰਸਤੂ ਦੇ ਆਤਮਾ ਸੰਬੰਧੀ ਵਿਚਾਰਾਂ ਦਾ ਇਹ ਦੂਜਾ ਪੜਾਅ ਮੰਨਿਆ ਜਾ ਸਕਦਾ ਹੈ। 'ਆਨ ਦ ਸੋਲ' ਰਚਨਾ ਵਿਚ ਆਤਮਾ ਦੇ ਕੰਮਾਂ ਦਾ ਬਿਉਰਾ ਬੜਾ ਲੰਮਾ ਚੌੜਾ ਹੈ। ਪਹਿਲਾਂ ਪੂਰਬਲੇ ਸਿਧਾਂਤਾਂ ਦਾ ਸਰਵੇਖਣ ਹੈ ਅਤੇ ਬਾਅਦ ਵਿਚ ਤਕਨੀਕੀ ਸ਼ਬਦਾਵਲੀ ਵਿਚ ਆਤਮਾ ਦੇ ਕੰਮਾਂ ਦਾ ਇਕ ਇਕ ਕਰਕੇ ਵਰਣਨ ਹੈ। ਸਾਈਕੋਲੋਜੀ ਰਚਨਾ ਦੇ ਤੀਸਰੇ ਅਤੇ ਅੰਤਮ ਭਾਗ ਵਿਚ ਪ੍ਰਗਿਆ (Nous) ਸਿਧਾਂਤ ਦੀ ਸਥਾਪਤੀ ਕੀਤੀ ਗਈ ਹੈ। ਆਮ ਤੌਰ ਤੇ ਅਰਸਤੂ ਪ੍ਰਗਿਆ ਦੇ ਇਕੋ ਇਕ ਰੂਪ ਦੀ ਗੱਲ ਕਰਦਾ ਹੈ। ਪਰੰਤੂ 'ਆਨ ਦ ਸੋਲ' ਦੀ ਤੀਸਰੀ ਪੁਸਤਕ ਦੇ ਪੰਜਵੇਂ ਅਧਿਆਇ ਵਿਚ ਅਰਸਤੂ ਦੋ ਤਰ੍ਹਾਂ ਦੀ ਭਿੰਨਤਾ ਦਸਦਾ ਹੈ। ਪ੍ਰਗਿਆ (Nous) ਦਾ ਇਕ ਰੂਪ ਸਾਰੇ ਪਦਾਰਥਾਂ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਦੂਜਾ ਸਾਰੀਆਂ ਵਸਤੂਆਂ ਦੀ ਵਾਸਤਵਿਕਤਾ ਨੂੰ ਉਸੇ ਤਰ੍ਹਾਂ ਉਜਾਗਰ ਕਰਦਾ ਹੈ ਜਿਵੇਂ ਪ੍ਰਕਾਸ਼ ਸਾਰੀਆਂ ਵਸਤਾਂ ਦੇ ਅਸਲ ਰੰਗਾਂ ਨੂੰ ਸਾਹਮਣੇ ਲਿਆਉਂਦਾ ਹੈ। ਪ੍ਰਗਿਆ ਦਾ ਇਹ ਦੂਜਾ ਰੂਪ ਭਿੰਨ ਅਤੇ ਅਕਰਮਕ ਹੈ ਅਤੇ ਜਦੋਂ ਇਸ ਨੂੰ ਵਖਰਾ ਵੇਖਿਆ ਸਮਝਿਆ ਜਾਂਦਾ ਹੈ ਤਾਂ ਹੀ ਇਸਦਾ ਸਦੀਵੀ ਅਸਰ ਅਤੇ ਸੱਚਾ ਰੂਪ ਅਨੁਭਵ ਹੁੰਦਾ ਹੈ। ਪ੍ਰਗਿਆ ਸਿਧਾਂਤ ਦੇ ਇਨ੍ਹਾਂ ਰੂਪਾਂ ਤੋਂ ਦਰਅਸਲ ਅਰਸਤੂ ਦਾ ਕੀ ਭਾਵ ਹੈ, ਅਰਸਤੂ

ਤੋਂ ਬਾਅਦ ਵੀ ਅਨੇਕਾਂ ਸਦੀਆਂ ਤਕ ਵਾਦ-ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ।

ਆਧੁਨਿਕ ਸ਼ਬਦ ਸਾਈਕੋਲੋਜੀ (Psychology) ਗ੍ਰੀਕ ਸ਼ਬਦ 'Psuchē' ਤੋਂ ਨਿਕਲਿਆ ਹੈ ਜਿਸਦਾ ਆਮ ਤੌਰ ਤੇ ਅੰਗ੍ਰੇਜ਼ੀ ਅਨੁਵਾਦ Soul (ਆਤਮਾ) ਕੀਤਾ ਜਾਂਦਾ ਹੈ। ਅਰਸਤੂ ਦੀਆਂ ਮਹੱਤਵਪੂਰਨ ਰਚਨਾਵਾਂ ਵਿਚੋਂ 'ਆਨ ਦ ਸੋਲ' (On the Soul) ਇਕ ਮਹੱਤਵਪੂਰਨ ਰਚਨਾ ਹੈ ਜਿਸ ਵਿਚ ਜੀਵਿਤ ਪਦਾਰਥਾਂ ਦੀਆਂ ਸੰਵੇਦਨਾਵਾਂ, ਕਲਪਨਾਵਾਂ, ਚਿੰਤਨ ਕ੍ਰਿਆ ਅਤੇ ਅਨੁਭਵ ਸ਼ਕਤੀ ਆਦਿਕ ਕਿਰਿਆਵਾਂ ਬਾਰੇ ਚਰਚਾ ਕੀਤੀ ਗਈ ਹੈ। ਪਲੈਟੋ ਤੋਂ ਉਲਟ ਅਰਸਤੂ ਆਮ ਤੌਰ ਤੇ ਇਹ ਮੰਨਦਾ ਹੈ ਕਿ ਆਤਮਾ ਨੂੰ ਸਰੀਰ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਮਨੁੱਖੀ ਆਤਮਾ ਮਨੁੱਖ ਦੇ ਸਾਰੇ ਵਿਹਾਰਾਂ ਅਰਥਾਤ ਸਪਰਸ਼, ਚਿੰਤਨ ਅਤੇ ਮਹਿਸੂਸ ਕਰਨਾ ਆਦਿ ਦਾ ਸਮੁੱਚ ਹੈ। ਅਰਸਤੂ ਇਹ ਵੀ ਮੰਨਦਾ ਹੈ ਕਿ ਆਤਮਾ ਜਾਂ ਉਸਦਾ ਇਕ ਭਾਗ ਬੁੱਧੀ, ਅਮਰ ਹੈ। ਪਰੰਤੂ ਅਰਸਤੂ ਦੀ ਭਾਸ਼ਾ ਦਾਰਸ਼ਨਿਕ ਅਤੇ ਅਸਥਾਈ ਹੈ ਅਤੇ ਕੁਝ ਥਾਵਾਂ ਤੇ ਤਾਂ ਬਿਲਕੁਲ ਹੀ ਦੁਰਬੋਧ ਹੈ। ਇਸ ਲਈ ਇਹ ਤੈਅ ਕਰਨਾ ਆਸਾਨ ਨਹੀਂ ਹੈ ਕਿ ਅਰਸਤੂ ਦਰਅਸਲ ਵਿਅਕਤੀਗਤ ਅਮਰਤਾ ਦੇ ਸਿਧਾਂਤ ਨੂੰ ਮੰਨਦਾ ਸੀ ਜਾਂ ਨਹੀਂ, ਕਿਉਂਕਿ ਉਸਦੀ ਆਮ ਮਨੋਵਿਗਿਆਨਕ ਧਾਰਨਾ ਇਹ ਸਥਾਪਿਤ ਕਰਦੀ ਹੈ ਕਿ ਆਤਮਾ ਦਾ ਸਰੀਰ ਨਾਲ ਬੜਾ ਗੂੜ੍ਹਾ ਸੰਬੰਧ ਹੈ।

## ਮੈਟਾਫਿਜ਼ਿਕਸ (Metaphysics)

ਅਰਸਤੂ ਦੇ ਫਲਸਫੇ ਵਿਚ ਤੱਤ ਚਿੰਤਨ ਸਭ ਤੋਂ ਮਹੱਤਵਪੂਰਨ ਹੈ। ਤੱਤ ਵਿਚਾਰ ਨੂੰ ਹੀ ਅਰਸਤੂ ਪਹਿਲਾ ਦਰਸ਼ਨ (First Philosophy) ਕਹਿੰਦਾ ਹੈ ਕਿਉਂਕਿ ਫਲਸਫੇ ਜਾਂ ਦਰਸ਼ਨ ਵਿਚ ਉਸ ਆਦਿ ਪਰਮ ਅਤੇ ਸਰਬਜਨੀਨ ਤੱਤ ਦਾ ਅਧਿਐਨ ਕੀਤਾ ਜਾਂਦਾ ਹੈ ਜਿਸ ਤੋਂ ਸਾਰਾ ਸੰਸਾਰ ਹੋਂਦ ਵਿਚ ਆਇਆ ਹੈ। ਇਸੇ ਪ੍ਰਥਮ ਤੱਤ ਬਾਰੇ ਅਧਿਐਨ ਨੂੰ ਅਰਸਤੂ ਤੱਤਮੀਮਾਂਸਾ ਜਾਂ 'Metaphysics' ਕਹਿੰਦਾ ਹੈ। ਅਰਸਤੂ ਅਨੁਸਾਰ ਫਿਲਾਸਫਰ ਉਹੀ ਹੈ ਜਿਸ ਨੂੰ ਤੱਤ ਸੰਬੰਧੀ ਚਿੰਤਨ ਦੀ ਪਕੜ ਹੋਵੇ। ਅਰਸਤੂ

ਇਹ ਮੰਨਦਾ ਹੈ ਕਿ ਪਰਮ ਤੱਤ ਹੀ ਪਰਮ ਦਰਬ (Substance) ਹੈ ਜਿਹੜਾ ਕਿ ਨਿੱਤ, ਸਰਬਕਾਲਿਕ, ਸਰਬਜਨੀਨੀ ਅਤੇ ਅਬਦਲ ਹੁੰਦਿਆਂ ਹੋਇਆਂ ਵੀ ਸੰਸਾਰ ਦੇ ਸਾਰ ਪਰਿਵਰਤਨਾਂ ਦਾ ਆਧਾਰ ਹੈ। ਸੰਸਾਰ ਵਿਚ ਦੋ ਹੀ ਵਸਤੂਆਂ ਹਨ : ਦਰਬ ਅਤੇ ਪਰਿਣਾਮ। ਦਰਬ ਹੀ ਪਰਿਣਾਮ ਦਾ ਕਾਰਨ ਹੈ। ਦਰਬ ਇਕ ਹੀ ਹੈ ਪਰ ਉਸਦੇ ਗੁਣ ਜਾਂ ਰੂਪ ਅਨੇਕ ਹੁੰਦੇ ਹਨ। ਉਦਾਹਰਣ ਵਜੋਂ ਸੁਕਰਾਤ ਦਰਬ ਰੂਪ ਵਿਚ ਤਾਂ ਇਕ ਹੀ ਹੈ ਪਰ ਇਕ ਹੁੰਦਿਆਂ ਹੋਇਆਂ ਵੀ ਇਹ ਬੱਚੇ, ਜਵਾਨ, ਬਿਰਧ ਆਦਿ ਅਨੇਕਾਂ ਰੂਪਾਂ ਅਤੇ ਗੁਣਾਂ ਨੂੰ ਧਾਰਨ ਕਰਨ ਵਾਲਾ ਹੈ। ਦਰਬ ਹੀ ਸਾਰੇ ਪਰਿਣਾਮਾਂ, ਬਦਲਾਵਾਂ ਦਾ ਮੂਲ ਕਾਰਨ ਹੈ। ਇਸੇ ਲਈ ਦਰਬ (Substance) ਨੂੰ ਮੌਲਿਕ ਜਾਂ ਪ੍ਰਾਥਮਿਕ ਤੱਤ ਕਹਿੰਦੇ ਹਨ। ਪਰਮ ਦਰਬ ਸਾਰੇ ਦਰਬਾਂ ਦਾ ਦਰਬ ਅਤੇ ਸਾਰੇ ਪਰਿਣਾਮਾਂ ਦਾ ਆਧਾਰ ਹੈ। ਫਲਸਫੇ ਦਾ ਕੰਮ ਇਸੇ ਪਰਮ ਦਰਬ ਦਾ ਗਿਆਨ ਪ੍ਰਾਪਤ ਕਰਨਾ ਹੈ।

ਅਰਸਤੂ ਦਾ ਦਰਬ ਸਿਧਾਂਤ (Substance Theory) ਪਲੈਟੋ ਦੇ ਵਿਗਿਆਨ (Idea) ਸਿਧਾਂਤ ਦੇ ਖੰਡਨ ਨਾਲ ਅਰੰਭ ਹੁੰਦਾ ਹੈ। ਪਲੈਟੋ ਦੇ ਦਰਸ਼ਨ ਵਿਚ ਵਿਗਿਆਨ ਅਤੇ ਵਸਤੂ, ਪਰਮਾਰਥ ਅਤੇ ਵਿਹਾਰ ਵਿਚ ਭੇਦ ਹੈ। ਵਸਤੂ ਅਸਤਿ ਅਤੇ ਵਿਗਿਆਨ ਸਤਿ ਹੈ। ਵਸਤੂ ਦੀ ਹੋਂਦ ਵਿਹਾਰਕ ਹੈ, ਵਿਗਿਆਨ ਦੀ ਹੋਂਦ ਪਰਮਾਰਥਕ ਹੈ। ਦੂਜੇ ਸ਼ਬਦਾਂ ਵਿਚ ਪਲੈਟੋ ਦਾ ਵਿਗਿਆਨ ਪਰਮਾਰਥ ਹੈ ਅਤੇ ਅਨੁਭਵ ਤੋਂ ਅਤੇ ਇੰਦਰੀ ਜਗਤ ਤੋਂ ਨਿਤਾਂਤ ਭਿੰਨ ਅਤੇ ਪਰ੍ਹਾਂ ਹੈ। ਅਰਸਤੂ ਵਿਗਿਆਨ (Idea) ਅਤੇ ਵਸਤੂ ਵਿਚ ਭੇਦ ਸਵੀਕਾਰ ਨਹੀਂ ਕਰਦਾ ਬਲਕਿ ਵਿਗਿਆਨ ਨੂੰ ਵਸਤੂ ਦੇ ਅੰਦਰ ਸਥਿਤ ਮੰਨਦਾ ਹੈ। ਪਲੈਟੋ ਦੇ ਵਿਗਿਆਨਵਾਦ ਦੀ ਆਲੋਚਨਾ ਅਰਸਤੂ ਇਸ ਪ੍ਰਕਾਰ ਕਰਦਾ ਹੈ :

1. ਪਲੈਟੋ ਦੇ ਅਨੁਸਾਰ ਵਿਗਿਆਨ ਵਸਤੂ ਦਾ ਕਾਰਨ ਹੈ। ਵਿਗਿਆਨ ਸਰਬਕਾਲਿਕ ਅਤੇ ਵਿਰਾਟ ਹੈ ਜਦੋਂ ਕਿ ਵਸਤੂ ਵਿਸ਼ੇਸ਼ ਅਤੇ ਸੀਮਿਤ ਹੈ। ਸਮਜਾਤੀ ਵਸਤੂਆਂ ਦਾ ਸਾਰ ਹੀ ਸਰਬਕਾਲਿਕ ਹੈ ਅਤੇ ਇਹ ਵਸਤੂਆਂ ਦੇ ਸਾਰ ਹੀ ਸਰਬਜਨੀਨੀ ਹਨ ਜਿਨ੍ਹਾਂ ਦੀ ਕੇਵਲ ਕਲਪਨਾ ਕੀਤੀ ਜਾ ਸਕਦੀ ਹੈ ਪਰ ਇਨ੍ਹਾਂ ਨੂੰ ਵੇਖਿਆ ਨਹੀਂ ਜਾ ਸਕਦਾ। ਨਮੂਨੇ ਵਜੋਂ ਸਾਰੀਆਂ ਸਫ਼ੈਦ

ਵਸਤੂਆਂ ਦਾ ਸਾਰ ਸਫ਼ੈਦ ਹੈ। ਇਹੀ ਸਫ਼ੈਦ ਸਰਬਕਾਲਿਕ ਹੈ ਅਤੇ ਸਾਰੀਆਂ ਸਫ਼ੈਦ ਵਸਤਾਂ ਦਾ ਕਾਰਨ ਹੈ। ਪਰੰਤੂ ਸਫ਼ੈਦ ਵਿਗਿਆਨ (Idea) ਤੋਂ ਸਫ਼ੈਦ ਵਸਤੂ ਉਤਪੰਨ ਕਿਵੇਂ ਹੁੰਦੀ ਹੈ? ਪਲੈਟੋ ਵਿਗਿਆਨ (Idea) ਨੂੰ ਵਸਤੂ ਦਾ ਕਾਰਨ ਤਾਂ ਮੰਨਦਾ ਹੈ ਪਰ ਵਿਗਿਆਨ ਤੋਂ ਵਸਤੂ ਦੀ ਉਤਪਤੀ ਦੀ ਵਿਆਖਿਆ ਨਹੀਂ ਕਰਦਾ।

2. ਕਿਸੇ ਵਸਤੂ ਦੀ ਉਤਪਤੀ ਵਾਸਤੇ ਗਤੀ (Motion) ਦੀ ਲੋੜ ਹੁੰਦੀ ਹੈ। ਵਿਗਿਆਨ (Ideas) ਤਾਂ ਗਤੀਹੀਨ ਹਨ; ਇਸ ਲਈ ਇਨ੍ਹਾਂ ਤੋਂ ਵਸਤੂ ਉਤਪੰਨ ਕਿਵੇਂ ਹੋ ਸਕਦੀ ਹੈ ਅਰਥਾਤ ਗਤੀ ਦੇ ਬਿਨਾਂ ਅਸੀਂ ਉਤਪਤੀ ਦੀ ਵਿਆਖਿਆ ਨਹੀਂ ਕਰ ਸਕਦੇ। ਸਫ਼ੈਦ ਵਿਗਿਆਨ (Idea) ਤੋਂ ਸਫ਼ੈਦ ਵਸਤੂ ਦੀ ਉਤਪਤੀ ਦੇ ਲਈ, ਅਤੇ ਸੁਹੱਪਣ ਵਿਗਿਆਨ ਤੋਂ ਸੁੰਦਰ ਵਸਤੂ ਦੀ ਉਤਪਤੀ ਦੇ ਲਈ ਪਰਿਵਰਤਨ ਜਾਂ ਪਰਿਣਾਮ ਦੀ ਲੋੜ ਹੈ। ਇਸ ਲਈ ਉਤਪਤੀ, ਸਥਿਤੀ ਅਤੇ ਬਿਨਾਸ ਦੀ ਵਿਆਖਿਆ ਗਤੀ ਜਾਂ ਪਰਿਣਾਮ ਦੇ ਬਿਨਾਂ ਨਹੀਂ ਹੋ ਸਕਦੀ।

3. ਸੰਸਾਰ ਵਿਚ ਵਸਤੂਆਂ ਅਨੇਕ ਹਨ। ਇਨ੍ਹਾਂ ਅਨੇਕਾਂ ਵਸਤੂਆਂ ਦੀ ਵਿਆਖਿਆ ਲਈ ਪਲੈਟੋ ਨੇ ਅਨੇਕ ਵਿਗਿਆਨਾਂ ਦੀ ਕਲਪਨਾ ਕੀਤੀ। ਪਰੰਤੂ ਇਸ ਨਾਲ ਪਲੈਟੋ ਵਸਤੂ ਦੀ ਵਿਆਖਿਆ ਤਾਂ ਕਰ ਨਹੀਂ ਪਾਉਂਦਾ ਬਲਕਿ ਵਿਆਖਿਆ ਦਾ ਭਾਰ ਦੂਣਾ ਕਰ ਲੈਂਦਾ ਹੈ। ਅਰਸਤੂ ਪਲੈਟੋ ਦੀ ਤੁਲਨਾ ਇਕ ਅਜਿਹੇ ਵਿਅਕਤੀ ਨਾਲ ਕਰਦਾ ਹੈ ਜਿਹੜਾ ਛੋਟੀ ਸੰਖਿਆ ਨੂੰ ਤਾਂ ਗਿਣਨ ਵਿਚ ਅਸਮਰਥ ਹੈ ਪਰੰਤੂ ਉਹ ਇਕ ਵੱਡੀ ਸੰਖਿਆ ਦੀ ਕਲਪਨਾ ਕਰ ਕੇ ਛੋਟੀ ਸੰਖਿਆ ਨੂੰ ਗਿਣਨ ਵਿਚ ਸਫਲਤਾ ਪ੍ਰਾਪਤ ਕਰਨਾ ਚਾਹੁੰਦਾ ਹੈ। ਦਰਅਸਲ ਜਿਹੜਾ ਛੋਟੀ ਸੰਖਿਆ ਤਾਂ ਗਿਣ ਨਹੀਂ ਸਕਦਾ ਉਹ ਵੱਡੀ ਸੰਖਿਆ ਦੀ ਕਲਪਨਾ ਕਰ ਕੇ ਆਪਣੀ ਪਰੇਸ਼ਾਨੀ ਦੂਣੀ ਹੀ ਕਰਦਾ ਹੈ।

4. ਪਲੈਟੋ ਦੇ ਸਰਬਜਨੀਨ ਵਿਗਿਆਨ ਇਸ ਲੋਕ ਦੇ ਵਿਅਕਤੀ ਨਾ ਹੋ ਕੇ ਦਿੱਬ ਵਿਅਕਤੀ ਹਨ ਜਿਹੜੇ ਸੰਸਾਰਕ ਵਸਤਾਂ ਤੋਂ ਇਕਦਮ ਭਿੰਨ ਹਨ। ਉਦਾਹਰਣ ਵਜੋਂ ਸੁਕਰਾਤ ਬੇਸ਼ਕ ਇਸ ਲੋਕ ਦਾ ਵਿਅਕਤੀ ਹੈ ਪਰੰਤੂ ਉਸਦਾ ਮੂਲ ਰੂਪ ਇਨ੍ਹਾਂ ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ ਹੈ। ਪਹਿਲਾ ਲੌਕਿਕ ਹੈ ਅਤੇ ਦੂਜਾ ਦਿੱਬ ਹੈ। ਪਰੰਤੂ ਇਨ੍ਹਾਂ ਦੋਵਾਂ ਨੂੰ ਸਮਝਾਣ ਵਾਲਾ ਅਰਥਾਤ ਇਨ੍ਹਾਂ ਦੋਵਾਂ ਸਿਰਿਆਂ ਦੇ ਵਿਚਕਾਰ ਇਕ ਤੀਸਰੇ ਮਨੁੱਖ (Third Man) ਦੀ ਵੀ ਕਲਪਨਾ ਕਰਨੀ ਪਏਗੀ। ਫਿਰ ਉਸ ਤੀਸਰੇ ਮਨੁੱਖ ਨੂੰ ਸਮਝਣ ਲਈ ਚੌਥੇ, ਪੰਜਵੇਂ ਅਤੇ ਅਨੇਕਾਂ ਮਨੁੱਖਾਂ ਦੀ ਕਲਪਨਾ ਕਰਨੀ ਪਏਗੀ ਅਤੇ ਇਸ ਤਰ੍ਹਾਂ ਅਨਵਸਥਾ ਦੋਸ਼ (fallacy of infinite regress) ਪੈਦਾ ਹੋ ਜਾਏਗਾ।

5. ਪਲੈਟੋ ਦੇ ਅਨੁਸਾਰ ਵਿਗਿਆਨ ਵਸਤੂ ਦੇ ਸਾਰ (ਤੱਤ) ਹਨ। ਪਰੰਤੂ ਇਹ ਹੈਰਾਨੀ ਦੀ ਗੱਲ ਹੈ ਕਿ ਪਲੈਟੋ ਵਸਤੂ ਦੇ ਸਾਰ ਨੂੰ ਵਸਤੂ ਤੋਂ ਦੂਰ ਕਿਸੇ ਦੂਜੇ ਲੋਕ ਵਿਚ ਮੰਨਦਾ ਹੈ। ਕਿਸੇ ਵਸਤੂ ਦਾ ਸਾਰ-ਤੱਤ (essence) ਉਸ ਵਸਤੂ ਦੇ ਵਿਚ ਹੀ ਰਹਿ ਸਕਦਾ ਹੈ ਉਸਤੋਂ ਬਾਹਰ ਨਹੀਂ। ਉਦਾਹਰਣ ਵਜੋਂ ਮਨੁੱਖਤਾ ਸਾਰੇ ਮਨੁੱਖਾਂ ਦਾ ਸਮਾਨ ਰੂਪ ਵਿਚ ਧਰਮ ਹੈ, ਗੁਣ ਹੈ, ਸਾਰ ਹੈ ਅਤੇ ਇਹ ਮਨੁੱਖਤਾ ਦਾ ਗੁਣ ਮਨੁੱਖਾਂ ਦੇ ਵਿਚ ਹੀ ਵਿਦਮਾਨ ਹੋਵੇਗਾ ਉਨ੍ਹਾਂ ਤੋਂ ਬਾਹਰ ਕਿਸੇ ਦੂਜੇ ਲੋਕ ਵਿਚ ਨਹੀਂ। ਪਰੰਤੂ ਪਲੈਟੋ ਦੇ ਅਨੁਸਾਰ ਮਨੁੱਖਤਾ ਦਾ ਵਿਗਿਆਨ (Idea) ਤਾਂ ਦਿੱਬ ਹੈ ਅਤੇ ਇੰਦ੍ਰੀਆਂ ਤੋਂ ਪਰ੍ਹਾਂ ਕਿਸੇ ਲੋਕ ਦਾ ਨਿਵਾਸੀ ਹੈ। ਅਰਸਤੂ ਦੇ ਅਨੁਸਾਰ ਪਲੈਟੋ ਦੇ ਵਿਗਿਆਨਵਾਦ ਦਾ ਸਭ ਤੋਂ ਵੱਡਾ ਦੋਸ਼ ਹੀ ਇਹ ਹੈ ਕਿ ਉਹ ਵਸਤੂ ਦੇ ਸਾਰ-ਤੱਤ ਨੂੰ ਵਸਤੂ ਤੋਂ ਵੱਖ ਮੰਨਦਾ ਹੈ।

ਪਲੈਟੋ ਦੀ ਆਲੋਚਨਾ ਦੇ ਨਾਲ ਹੀ ਅਰਸਤੂ ਦਾ ਪਰਮ ਦਰਬ (Substance) ਸੰਬੰਧੀ ਵਿਚਾਰ ਸ਼ੁਰੂ ਹੁੰਦਾ ਹੈ। ਅਰਸਤੂ ਦਾ ਪਰਮ ਦਰਬ ਸਰਬਜਨੀਨੀ, ਸਰਬਕਾਲਿਕ ਵਿਗਿਆਨ ਹੈ ਜਿਹੜਾ ਨਿਰਪੇਖ ਹੋਂਦ ਹੈ ਅਤੇ ਸਾਰਿਆਂ ਵਿਚ ਸਮਾਨ ਰੂਪ ਵਿਚ ਸਥਿਤ ਹੈ। ਦਰਅਸਲ ਅਰਸਤੂ ਦਾ ਪਰਮ





www.punjabilibrary.com

ਦਰਬ (Substance) ਕੋਈ ਕੋਰੀ ਕਲਪਨਾ ਨਹੀਂ ਹੈ ਬਲਕਿ ਵਾਸਤਵਿਕ ਸਤਿ ਹੈ। ਅਰਸਤੂ ਇਸੇ ਪਰਮ ਦਰਬ ਨੂੰ ਹਕੀਕੀ ਤੱਤ (Concrete Universal) ਮੰਨਦਾ ਹੈ ਜਿਹੜਾ ਸਾਰਿਆਂ ਵਿਚ ਵਿਦਮਾਨ ਹੈ। ਏਥੇ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਪਲੈਟੋ ਦੇ ਵਿਗਿਆਨ (Idea) ਨੂੰ ਅਰਸਤੂ ਦਾ 'ਦਰਬ' ਕਿਹਾ ਜਾ ਸਕਦਾ ਹੈ ? ਅਰਸਤੂ ਦੇ ਅਨੁਸਾਰ ਵਿਗਿਆਨ ਦਰਬ ਨਹੀਂ; ਕਿਉਂਕਿ ਵਿਗਿਆਨ ਤਾਂ ਸਮਜਾਤੀ ਵਸਤੂਆਂ ਦਾ ਸਾਰ ਹੈ। ਉਦਾਹਰਣ ਵਜੋਂ ਸਾਰੇ ਮਨੁੱਖਾਂ ਵਿਚ ਮਨੁੱਖਤਾ, ਵਿਸ਼ਵਜਨੀਨੀ ਸਾਰ-ਵਿਗਿਆਨ ਹੈ। ਅਰਸਤੂ ਦੇ ਅਨੁਸਾਰ ਮਨੁੱਖਤਾ ਤਾਂ ਇਕ ਗੁਣ ਅਤੇ ਸਾਰ ਹੈ ਜਿਸਨੂੰ ਮਨੁੱਖਾਂ ਤੋਂ ਉਵੇਂ ਹੀ ਵੱਖ ਨਹੀਂ ਕੀਤਾ ਜਾ ਸਕਦਾ ਜਿਵੇਂ ਸੋਨੇ ਤੋਂ ਉਸਦੇ ਭਾਰ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਅਰਥਾਤ ਜਿਵੇਂ ਭਾਰੀਪਨ ਭਾਰੀਆਂ ਵਸਤਾਂ ਤੋਂ ਵੱਖ ਨਹੀਂ ਉਸੇ ਤਰ੍ਹਾਂ ਹੀ ਮਨੁੱਖਤਾ ਮਨੁੱਖਾਂ ਤੋਂ ਵੱਖ ਨਹੀਂ, ਘੋੜਪਨ ਘੋੜਿਆਂ ਤੋਂ, ਬਚਪਨ ਬੱਚਿਆਂ ਤੋਂ ਵੱਖ ਨਹੀਂ ਹੈ। ਪਰੰਤੂ ਜੇਕਰ ਸਰਬਜਨੀਨਤਾ ਦਰਬ ਨਹੀਂ ਤਾਂ ਉਸੇ ਹੀ ਤਰ੍ਹਾਂ ਵਿਸ਼ੇਸ਼ (ਵਸਤੂ) ਵੀ ਦਰਬ ਨਹੀਂ। ਦਰਅਸਲ ਸਰਬਜਨੀਨ (Universal) ਅਤੇ ਵਿਸ਼ੇਸ਼ (particular) ਦਾ ਪਰਸਪਰ ਅਨਿਖੜ ਸੰਬੰਧ ਹੈ ਅਤੇ ਇਹ ਇਕ ਦੂਜੇ ਉਤੇ ਨਿਰਭਰ ਕਰਦੇ ਹਨ। ਉਦਾਹਰਣ ਵਜੋਂ ਸੋਨਾ ਭਾਰਾ, ਪੀਲਾ ਅਤੇ ਠੋਸ ਹੈ। ਭਾਰਾ, ਪੀਲਾ, ਠੋਸ ਆਦਿ ਗੁਣ ਸੋਨੇ ਦੇ ਬਿਨਾਂ ਨਹੀਂ ਰਹਿ ਸਕਦੇ ਅਤੇ ਸੋਨਾ ਵੀ ਇਨ੍ਹਾਂ ਬਿਨਾਂ ਨਹੀਂ ਰਹਿ ਸਕਦਾ। ਜੇਕਰ ਸੋਨੇ ਵਿਚੋਂ ਇਹ ਸਾਰੇ ਗੁਣ ਕੱਢ ਦਈਏ ਤਾਂ ਸੋਨਾ ਕੇਵਲ ਇਕ ਅਮੂਰਤ (abstract) ਸੰਕਲਪ ਹੈ, ਹਕੀਕਤ ਨਹੀਂ। ਇਸ ਲਈ ਸ਼ੁਧ ਵਿਸ਼ੇਸ਼ ਤਾਂ ਕੇਵਲ ਇਕ ਅਮੂਰਤ ਵਿਚਾਰ ਹੈ, ਵਸਤੂ ਨਹੀਂ। ਪਰੰਤੂ ਅਰਸਤੂ ਦੇ ਅਨੁਸਾਰ ਤਾਂ ਦਰਬ ਹਕੀਕਤਨ ਵਿਸ਼ੇਸ਼ (concrete individual) ਹੈ ਜਿਸ ਵਿਚ ਸਾਰੇ ਵਿਸ਼ਵਜਨੀਨੀ ਪਸਾਰੇ ਦੀ ਹੋਂਦ ਅੰਤਰਨਿਹਿਤ ਹੈ।

## ਪਦਾਰਥ ਅਤੇ ਸਰੂਪ (Matter and Form)

1. ਅਰਸਤੂ ਦੇ ਅਨੁਸਾਰ ਪਦਾਰਥ ਅਤੇ ਸਰੂਪ ਹੀ ਦੋ ਮੌਲਿਕ ਤੱਤ ਹਨ ਜਿਨ੍ਹਾਂ ਤੋਂ ਸਾਰੇ ਜਗਤ ਦੀ ਰਚਨਾ ਹੋਈ ਹੈ। ਇਕ ਮੇਜ਼ ਦਾ ਉਪਾਦਾਨ ਪਦਾਰਥ ਲੱਕੜੀ ਹੈ ਅਤੇ ਉਸਦਾ ਸਰੂਪ ਹੈ ਉਸਦਾ

ਚਾਰ ਪੈਰਾਂ ਵਾਲਾ ਹੋਣਾ। ਏਸੇ ਤਰ੍ਹਾਂ ਹੀ ਸਾਰੇ ਜਗਤ ਦਾ ਵੀ ਕੋਈ ਨ ਕੋਈ ਪਦਾਰਥ ਅਤੇ ਸਰੂਪ ਅਵੱਸ਼ ਹੈ। ਇਸ ਲਈ ਪਦਾਰਥ ਅਤੇ ਸਰੂਪ ਆਧਾਰਭੂਤ ਤੱਤ ਹਨ। ਪਦਾਰਥ ਅਤੇ ਸਰੂਪ ਨੂੰ ਵੱਖ ਵੱਖ ਨਹੀਂ ਕੀਤਾ ਜਾ ਸਕਦਾ। ਸੰਸਾਰ ਵਿਚ ਕੋਈ ਵੀ ਵਸਤੂ ਅਜਿਹੀ ਨਹੀਂ ਹੈ ਜਿਹੜੀ ਕੇਵਲ ਪਦਾਰਥ ਹੋਵੇ ਜਾਂ ਕੇਵਲ ਸਰੂਪ ਹੀ ਹੋਵੇ, ਅਰਥਾਤ ਸਾਰੀਆਂ ਵਸਤਾਂ ਵਿਚ ਇਹ ਦੋਵੇਂ ਤੱਤ ਮਿਲੇ ਹੋਏ ਹਨ। ਵਿਚਾਰ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਵਿਚ ਭੇਦ ਕੀਤਾ ਜਾ ਸਕਦਾ ਹੈ, ਅਰਥਾਤ ਅਸੀਂ ਇਨ੍ਹਾਂ ਨੂੰ ਵੱਖ ਵੱਖ ਸੋਚ ਸਕਦੇ ਹਾਂ ਪਰੰਤੂ ਹਕੀਕਤਨ ਇਨ੍ਹਾਂ ਵਿਚ ਭੇਦ ਸੰਭਵ ਨਹੀਂ।

2. ਅਰਸਤੂ ਦੇ ਅਨੁਸਾਰ ਪਦਾਰਥ ਅਤੇ ਸਰੂਪ ਦਾ ਇਕ ਖ਼ਾਸ ਅਰਥ ਹੈ। ਪਦਾਰਥ ਦਾ ਪ੍ਰਚਲਤ ਅਰਥ ਭੌਤਿਕ ਪਦਾਰਥ ਹੈ ਜਿਵੇਂ ਕਿ ਲੋਹਾ, ਸੋਨਾ, ਲਕੜੀ ਆਦਿ ਸਾਰੇ ਹੀ ਪਦਾਰਥ ਹਨ। ਇਹ ਸਾਰੇ ਭੌਤਿਕ ਪਦਾਰਥ ਹਨ ਜਿਹੜੇ ਸਦਾ ਪਦਾਰਥ ਹੀ ਰਹਿੰਦੇ ਹਨ। ਇਨ੍ਹਾਂ ਦੇ ਰੂਪ ਬਦਲ ਸਕਦੇ ਹਨ ਪਰੰਤੂ ਇਹ ਫਿਰ ਵੀ ਪਦਾਰਥ ਹੀ ਰਹਿੰਦੇ ਹਨ। ਪਿੱਤਲ ਇਕ ਪਦਾਰਥ ਹੈ। ਇਹ ਜਿਸਤ, ਕੇਡਿਅਮ, ਡੀਲਿਯਮ ਆਦਿ ਰੂਪਾਂ ਵਿਚ ਬਦਲ ਸਕਦਾ ਹੈ ਪਰੰਤੂ ਇਨ੍ਹਾਂ ਬਦਲੇ ਹੋਏ ਰੂਪਾਂ ਵਿਚ ਵੀ ਇਹ ਪਦਾਰਥ ਹੀ ਰਹਿੰਦਾ ਹੈ। ਇਸੇ ਤਰ੍ਹਾਂ ਹੀ ਭੌਤਿਕ ਰੂਪ ਵੀ ਕੋਈ ਨਾ ਕੋਈ ਰੂਪ ਹੀ ਰਹਿੰਦਾ ਹੈ। ਅਰਸਤੂ ਦੇ ਅਨੁਸਾਰ ਪਦਾਰਥ ਅਤੇ ਸਰੂਪ ਦਾ ਵਿਚਾਰ ਸਾਪੇਖ (relative) ਹੈ। ਇਕ ਹੀ ਵਸਤੂ ਕਿਸੇ ਦ੍ਰਿਸ਼ਟੀ ਤੋਂ ਪਦਾਰਥ ਅਤੇ ਦੂਜੀ ਦ੍ਰਿਸ਼ਟੀ ਤੋਂ ਸਰੂਪ ਹੋ ਸਕਦੀ ਹੈ। ਪਦਾਰਥ ਸਰੂਪ ਵਿਚ ਬਦਲ ਸਕਦਾ ਹੈ ਅਤੇ ਸਰੂਪ ਪਦਾਰਥ ਵਿਚ ਬਦਲ ਸਕਦਾ ਹੈ। ਉਦਾਹਰਣ ਲਈ ਲਕੜੀ ਪਦਾਰਥ ਹੈ ਅਤੇ ਮੇਜ਼ ਕੁਰਸੀ ਆਦਿ ਸਰੂਪ ਹਨ (ਮੇਜ਼ ਕੁਰਸੀ ਆਦਿ ਦੀ ਦ੍ਰਿਸ਼ਟੀ ਤੋਂ); ਲਕੜੀ ਸਰੂਪ ਹੈ (ਰੁੱਖ ਦੀ ਦ੍ਰਿਸ਼ਟੀ ਤੋਂ)। ਏਸੇ ਹੀ ਤਰ੍ਹਾਂ ਬੀਜ ਲਈ ਰੁੱਖ ਸਰੂਪ ਹੈ ਪਰ ਲਕੜੀ ਦੇ ਵਾਸਤੇ ਪਦਾਰਥ ਹੈ। ਇਸ ਤਰ੍ਹਾਂ ਪਦਾਰਥ ਅਤੇ ਸਰੂਪ ਸਥਿਰ ਨਹੀਂ ਪਰਿਵਰਤਨਸ਼ੀਲ ਹਨ ਅਤੇ ਦੋਹਾਂ ਦੀ ਕਲਪਨਾ

ਸਾਪੇਖ ਹੈ। ਏਥੇ ਪ੍ਰਚੱਲਤ ਦ੍ਰਿਸ਼ਟੀਕੋਣ ਅਤੇ ਅਰਸਤੂ ਦੇ ਦ੍ਰਿਸ਼ਟੀਕੋਣ ਵਿਚ ਭੇਦ ਸਪੱਸ਼ਟ ਹੈ। ਪ੍ਰਚਲਤ ਦ੍ਰਿਸ਼ਟੀ ਤੋਂ ਪਦਾਰਥ ਅਤੇ ਸਰੂਪ ਸਥਿਰ ਹਨ।

3. ਪਦਾਰਥ ਕੇਵਲ ਸ਼ਕਤੀ (potentiality) ਹੈ ਅਤੇ ਸਰੂਪ ਹੀ ਵਸਤੂ (actuality) ਹੈ। ਅਰਸਤੂ ਦੇ ਅਨੁਸਾਰ ਪਦਾਰਥ ਸਾਰੀਆਂ ਵਸਤਾਂ ਦਾ ਮੂਲ ਕਾਰਨ ਹੋਣ ਕਰਕੇ ਸਾਰਿਆਂ ਦਾ ਆਧਾਰ ਮੰਨਿਆ ਜਾਂਦਾ ਹੈ। ਪਰੰਤੂ ਆਧਾਰ ਰੂਪ ਵਿਚ ਇਹ ਨਿਰਗੁਣ ਅਤੇ ਨਿਰਾਕਾਰ ਰਹਿੰਦਾ ਹੈ। ਇਸਨੂੰ ਅਸੀਂ ਕਿਸੇ ਵਸਤੂ ਦਾ ਨਾਂ ਨਹੀਂ ਦੇ ਸਕਦੇ ਬਲਕਿ ਸਾਰੀਆਂ ਵਸਤਾਂ ਦੀ ਸ਼ਕਤੀ ਜਾਂ ਸੰਭਾਵਨਾ ਮੰਨ ਸਕਦੇ ਹਾਂ। ਮੂਲ ਰੂਪ ਵਿਚ ਸਾਰੇ ਪਦਾਰਥ ਇਕੋ ਜਿਹੇ ਹਨ; ਪਦਾਰਥਾਂ ਵਿਚ ਵਖਰੇਵਾਂ ਤਾਂ ਗੁਣਾਂ ਦੇ ਕਾਰਨ ਹੁੰਦਾ ਹੈ। ਪਿੱਤਲ ਇਕ ਪਦਾਰਥ ਹੈ ਅਤੇ ਇਹ ਅਨੇਕ ਰੂਪ ਧਾਰਨ ਕਰ ਸਕਦਾ ਹੈ। ਕਿਸੇ ਸਰੂਪ ਦੇ ਕਾਰਨ ਹੀ ਇਹ ਪਰਤੱਖ ਵਸਤੂ ਬਣ ਜਾਂਦਾ ਹੈ। ਲਕੜੀ ਦਾ ਕੋਈ ਰੂਪ ਨਹੀਂ, ਕੋਈ ਗੁਣ ਨਹੀਂ ਪਰੰਤੂ ਮੇਜ਼, ਕੁਰਸੀ, ਪਲੰਘ ਆਦਿ ਸਾਰੇ ਸਰੂਪਾਂ ਅਤੇ ਗੁਣਾਂ ਦੀ ਸੰਭਾਵਨਾ ਇਸ ਵਿਚ ਵਿਦਮਾਨ ਹੈ। ਅਰਸਤੂ ਦੇ ਅਨੁਸਾਰ ਇਹੀ ਸੰਭਾਵਨਾ (potentiality) ਅਤੇ ਅਸਲੀਅਤ (actuality) ਦਾ ਵਿਰੋਧ (anti thesis) ਹੈ। ਹਰ ਵਸਤੂ ਵਿਚ ਸ਼ਕਤੀ ਜਾਂ ਸਮਰੱਥਾ ਵਿਦਮਾਨ ਹੈ ਅਰਥਾਤ ਹਰ ਪਦਾਰਥ ਕੁਝ ਵੀ ਬਣ ਸਕਦਾ ਹੈ।

4. ਕਾਲ (ਸਮੇਂ) ਦੀ ਦ੍ਰਿਸ਼ਟੀ ਤੋਂ ਵੇਖਿਆਂ ਪਦਾਰਥ ਪਹਿਲਾਂ ਹੈ ਅਤੇ ਸਰੂਪ ਬਾਅਦ ਵਿਚ ਆਉਂਦਾ ਹੈ। ਪਰੰਤੂ ਹਕੀਕਤ ਪੱਖੋਂ ਸਰੂਪ ਪਹਿਲਾਂ ਹੁੰਦਾ ਹੈ ਅਤੇ ਪਦਾਰਥ ਬਾਅਦ ਵਿਚ; ਕਿਉਂਕਿ ਪਦਾਰਥ ਹੀ ਤਾਂ ਪਹਿਲਾਂ ਨਿਰਧਾਰਿਤ ਸਰੂਪ ਵਿਚ ਤਬਦੀਲ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਹੀ ਅਰਸਤੂ ਕਹਿੰਦਾ ਹੈ ਕਿ 'ਅੰਤ', 'ਅਰੰਭ' ਤੋਂ ਪਹਿਲਾਂ ਹੁੰਦਾ ਹੈ। ਜੇਕਰ ਨਿਸ਼ਾਨਾ (ਉਦੇਸ਼) ਆਦਿ ਤੋਂ ਪਹਿਲਾਂ ਨਹੀਂ ਹੈ ਤਾਂ ਕਿਰਿਆ ਅਰੰਭ ਨਹੀਂ ਹੋਵੇਗੀ। ਇਸ ਲਈ ਅੰਤ

ਅਰੰਭ ਤੋਂ ਪਹਿਲਾਂ ਹੀ ਵਿਦਮਾਨ ਹੈ। ਉਦਾਹਰਣ ਵਜੋਂ ਬੀਜ ਹੀ ਰੁੱਖ ਬਣਦਾ ਹੈ; ਜੇਕਰ ਰੁੱਖ ਬੀਜ ਵਿਚ ਪਹਿਲਾਂ ਹੀ ਮੌਜੂਦ ਨਾ ਹੋਵੇ ਤਾਂ ਰੁੱਖ ਦੀ ਉਤਪਤੀ ਨਹੀਂ ਹੋ ਸਕਦੀ। ਇਸ ਲਈ ਤਰਕ ਦੀ ਦ੍ਰਿਸ਼ਟੀ ਤੋਂ ਕਾਰਜ ਕਾਰਣ ਤੋਂ ਪਹਿਲਾਂ ਹੈ ਪਰ ਕਾਲ (ਸਮੇਂ) ਦੀ ਦ੍ਰਿਸ਼ਟੀ ਤੋਂ ਕਾਰਣ ਪਹਿਲਾਂ ਹੈ ਅਤੇ ਕਾਰਜ ਬਾਅਦ ਵਿਚ ਹੈ।

ਇਸ ਵਿਚਾਰ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਅਰਸਤੂ ਸ੍ਰਿਸ਼ਟੀ ਨੂੰ ਕੋਈ ਮਸ਼ੀਨੀ ਪ੍ਰਵਾਹ ਨਾ ਮੰਨ ਕੇ ਪ੍ਰਯੋਜਨਪੂਰਨ (purposive) ਮੰਨਦਾ ਹੈ। ਗਤੀ ਹਮੇਸ਼ਾ ਅੰਤ ਵਲ ਪਹੁੰਚ ਰਹੀ ਹੈ। ਬੀਜ ਰੁੱਖ ਬਣ ਜਾਂਦਾ ਹੈ ਇਸ ਲਈ ਬੀਜ ਦੀ ਗਤੀ ਰੁੱਖ ਬਣਨ ਵਲ ਹੈ। ਅੰਤ ਹੀ ਗਤੀ ਦਾ ਪ੍ਰੇਰਕ ਹੈ। ਸਾਰੀਆਂ ਵਸਤਾਂ ਅੰਤ ਵਲ ਖਿੱਚੀਆਂ ਜਾ ਰਹੀਆਂ ਹਨ। ਸਾਰੀ ਕੁਦਰਤ ਵਿਕਾਸ ਦੀ ਅਵਸਥਾ ਵਿਚ ਹੈ। ਉਚੇ ਤੋਂ ਉਚੇਰਾ ਹੋਣਾ ਅਤੇ ਸੁੰਦਰ ਤੋਂ ਸੁੰਦਰਤਰ ਹੋਣਾ ਹੀ ਕੁਦਰਤ ਦਾ ਪ੍ਰਯੋਜਨ ਹੈ। ਸ੍ਰਿਸ਼ਟੀ ਵਿਚ ਕੁਝ ਵੀ ਬੇਅਰਥ ਨਹੀਂ ਹੈ, ਸਭ ਕੁਝ ਸਾਰਥਕ ਹੈ। ਦਰਅਸਲ ਅੰਤ ਹੀ ਸੰਚਾਲਕ ਸ਼ਕਤੀ ਹੈ। ਸਰੂਪ ਪਦਾਰਥ ਤੋਂ ਪਹਿਲਾਂ ਅਤੇ ਪਦਾਰਥ ਦੀ ਗਤੀ ਦਾ ਕਾਰਨ ਹੈ। ਇਹ ਸਰੂਪ ਹੀ ਪਰਮ ਤੱਤ (Substance) ਹੈ ਜਿਸ ਤੋਂ ਸਾਰੇ ਜਗਤ ਦੀ ਉਤਪਤੀ ਹੋਈ ਹੈ। ਉਪਰਲੇ ਵਿਵਰਣ ਤੋਂ ਇਹ ਸਪੱਸ਼ਟ ਹੈ ਕਿ ਪਰਮ ਨਿਰਪੇਖ ਹੋਂਦ ਜਿਸ ਤੋਂ ਸਾਰੇ ਜਗਤ ਦੀ ਸ੍ਰਿਸ਼ਟੀ ਹੋਈ ਹੈ ਉਸਦਾ ਕ੍ਰਮ ਜਗਤ ਦੇ ਵਿਕਾਸ ਦੇ ਅੰਤਲੇ ਧੁਰ ਉਤੇ ਹੈ ਅਤੇ ਨਾਲ ਹੀ ਨਾਲ ਇਹ ਵੀ ਮੰਨਿਆ ਗਿਆ ਹੈ ਕਿ ਪਰਮ ਸਰੂਪ, ਪਰਮ ਹੋਂਦ ਜਗਤ ਦੀ ਸ੍ਰਿਸ਼ਟੀ ਦੇ ਅਰੰਭ ਤੋਂ ਪਹਿਲਾਂ ਵਿਦਮਾਨ ਹੈ। ਇਹ ਦੋਵੇਂ ਗੱਲਾਂ ਪੂਰਨ ਰੂਪ ਵਿਚ ਵਿਰੋਧੀ ਗੱਲਾਂ ਪ੍ਰਤੀਤ ਹੁੰਦੀਆਂ ਹਨ। ਪਰੰਤੂ ਦਾਰਸ਼ਨਿਕ ਦ੍ਰਿਸ਼ਟੀ ਤੋਂ ਇਹਨਾਂ ਵਿਚ ਕੋਈ ਵਿਰੋਧ ਨਹੀਂ ਹੈ। ਦਰਅਸਲ ਆਮ ਤੌਰ ਤੇ ਅਸੀਂ ਈਸ਼ਵਰ ਅਤੇ ਸ੍ਰਿਸ਼ਟੀ ਵਿਚ ਕਾਲਿਕ (ਸਮੇਂ ਦਾ) ਸੰਬੰਧ ਮੰਨਦੇ ਹਾਂ ਅਤੇ ਈਸ਼ਵਰ ਨੂੰ ਸ੍ਰਿਸ਼ਟੀ ਦਾ ਕਾਰਣ ਮੰਨ ਕੇ ਸ੍ਰਿਸ਼ਟੀ ਤੋਂ ਪਹਿਲਾਂ ਮੰਨਦੇ ਹਾਂ। ਪਰੰਤੂ ਅਰਸਤੂ ਦੇ ਅਨੁਸਾਰ ਕਾਲ (ਸਮਾਂ) ਤਾਂ ਅਸਤਿ ਹੈ। ਇਸ ਲਈ ਈਸ਼ਵਰ ਅਤੇ ਜਗਤ ਵਿਚ ਕਾਲਿਕ ਸੰਬੰਧ ਨਹੀਂ ਹੋ ਸਕਦਾ। ਜੇ ਕਾਲਿਕ ਸੰਬੰਧ ਮੰਨ ਹੀ ਲਈਏ ਤਾਂ

ਈਸ਼ਵਰ ਕੇਵਲ ਜਗਤ ਦੇ ਸ਼ੁਰੂ ਵਿਚ ਤਾਂ ਹੋ ਸਕਦਾ ਹੈ ਪਰ ਅੰਤ ਵਿਚ ਨਹੀਂ ਹੋ ਸਕਦਾ। ਅਰਸਤੂ ਦੇ ਅਨੁਸਾਰ ਈਸ਼ਵਰ ਅਤੇ ਜਗਤ ਵਿਚਕਾਰ ਤਾਰਕਿਕ ਸੰਬੰਧ (logical relationship) ਹੈ, ਅਰਥਾਤ ਈਸ਼ਵਰ ਜਗਤ ਦਾ ਆਧਾਰ ਹੈ ਅਤੇ ਜਗਤ ਈਸ਼ਵਰ ਦਾ ਨਿਸ਼ਕਰਸ਼। ਤਾਰਕਿਕ ਸੰਬੰਧ ਵਿਚ ਨਿਸ਼ਕਰਸ਼, ਆਧਾਰ ਵਾਕ ਤੋਂ ਭਿੰਨ ਨਹੀਂ ਹੋ ਸਕਦਾ ਅਤੇ ਆਧਾਰ ਵਾਕ ਆਦਿ ਅਤੇ ਅੰਤ ਦੋਵੇਂ ਹੁੰਦਾ ਹੈ:

ਸਾਰੇ ਮਨੁੱਖ ਮਰਨਹਾਰ ਹਨ। —ਆਧਾਰ ਵਾਕ
ਸੁਕਰਾਤ ਮਨੁੱਖ ਹੈ।
ਇਸ ਲਈ ਸੁਕਰਾਤ ਮਰਨਹਾਰ ਹੈ। —ਨਿਸ਼ਕਰਸ਼

ਈਸ਼ਵਰ ਵੀ ਇਕ ਆਧਾਰ ਵਾਕ ਹੈ ਅਤੇ ਜਗਤ ਉਸਦਾ ਨਿਸ਼ਕਰਸ਼। ਜਿਸ ਤਰ੍ਹਾਂ ਆਧਾਰ ਵਾਕ ਤੋਂ ਨਿਸ਼ਕਰਸ਼ ਦੀ ਪ੍ਰਾਪਤੀ ਸੁਤੇ ਸਿੱਧ ਹੈ ਉਸੇ ਤਰ੍ਹਾਂ ਈਸ਼ਵਰ ਤੋਂ ਜਗਤ ਦੀ ਉਤਪਤੀ ਵੀ ਆਵਸ਼ਕ ਹੈ। ਤਾਰਕਿਕ ਸੰਬੰਧ ਵਿਚ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਨਿਸ਼ਕਰਸ਼ ਆਧਾਰ ਵਾਕ ਤੋਂ ਵਖਰਾ ਨਾ ਹੋਣ ਕਾਰਨ 'ਅੰਤ', 'ਆਦਿ' ਵਿਚ ਹੀ ਸਥਿਤ ਹੈ। ਅਰਸਤੂ ਦੇ ਅਨੁਸਾਰ ਪਰਮ ਤੱਤ ਸਰੂਪ ਹੈ ਜਿਹੜਾ ਕਿ ਵਿਚਾਰ ਦੇ ਦ੍ਰਿਸ਼ਟੀਕੋਣ ਤੋਂ ਪਦਾਰਥ (matter) ਤੋਂ ਪਹਿਲਾਂ ਆਉਂਦਾ ਹੈ। ਅਰਸਤੂ ਦੇ ਅਨੁਸਾਰ ਬੇਸ਼ਕ ਈਸ਼ਵਰ ਜਗਤ ਦਾ ਉਦੇਸ਼ ਕਾਰਨ ਹੈ ਅਤੇ ਸਮੇਂ ਦੀ ਦ੍ਰਿਸ਼ਟੀ ਤੋਂ ਜਗਤ ਦੇ ਬਾਅਦ ਆਉਂਦਾ ਹੈ ਪਰ ਵਿਚਾਰ ਦੀ ਦ੍ਰਿਸ਼ਟੀ ਤੋਂ ਉਹ ਜਗਤ ਦਾ ਆਦਿ ਹੈ।

ਅਰਸਤੂ ਵਿਕਾਸਵਾਦ ਦਾ ਜਨਮਦਾਤਾ ਹੈ। ਉਸਦੇ ਅਨੁਸਾਰ ਜਗਤ ਦੀਆਂ ਸਾਰੀਆਂ ਵਸਤਾਂ ਦਾ ਵਿਕਾਸ ਹੋ ਰਿਹਾ ਹੈ। ਵਿਕਾਸ ਹੇਠਾਂ ਤੋਂ ਉਤਾਂਹ ਵਲ ਨੂੰ ਹੋ ਰਿਹਾ ਹੈ, ਪਦਾਰਥ ਤੋਂ ਸਰੂਪ ਵਲ ਹੋ ਰਿਹਾ ਹੈ; ਅਤੇ ਏਸੇ ਕਾਰਨ ਵਿਕਾਸ ਦੀ ਸਭ ਤੋਂ ਹੇਠਲੀ ਸ਼ਰੇਣੀ ਪੂਰਨ ਰੂਪ ਵਿਚ ਸਰੂਪ ਵਿਹੀਨ ਹੈ ਅਤੇ ਸਭ ਤੋਂ ਉਪਰਲਾ ਸਿਖਰ ਪਦਾਰਥ ਵਿਹੀਨ ਹੈ। ਕਹਿਣ ਦਾ ਭਾਵ ਇਹ ਹੈ ਕਿ ਆਦਿ ਬਿੰਦੂ ਤੇ ਕੇਵਲ ਪਦਾਰਥ ਹੈ ਅਤੇ ਉਪਰਲੇ ਸਿਖਰ ਤੇ ਕੇਵਲ ਸਰੂਪ ਹੈ। ਪਰੰਤੂ ਅਸੀਂ ਪਹਿਲਾਂ ਹੀ ਵੇਖ ਚੁਕੇ ਹਾਂ ਕਿ ਪਦਾਰਥ ਅਤੇ ਸਰੂਪ ਪਰਸਪਰ ਸਾਪੇਖ ਹਨ। ਇਸ ਲਈ ਨਿਰੋਲ ਪਦਾਰਥ ਜਾਂ ਨਿਰੋਲ ਸਰੂਪ ਤਾਂ


www.punjabilibrary.com

ਕੇਵਲ ਕਲਪਨਾ ਮਾਤਰ ਹੈ। ਸਾਰੀਆਂ ਵਸਤਾਂ ਪਦਾਰਥ ਅਤੇ ਸਰੂਪ ਦਾ ਮਿਲਿਆ ਹੋਇਆ ਰੂਪ ਹਨ। ਅਰਸਤੂ ਜਗਤ ਨੂੰ ਆਦਿ ਅਤੇ ਅੰਤ ਦੀ ਵਿਚਕਾਰਲੀ ਅਵਸਥਾ ਮੰਨਦਾ ਹੈ। ਜਗਤ ਵਿਚ ਵਿਕਾਸ ਹੋ ਰਿਹਾ ਹੈ; ਵਿਕਾਸ ਪਦਾਰਥ ਤੋਂ ਸਰੂਪ ਵਲ ਹੋ ਰਿਹਾ ਹੈ ਅਤੇ ਵਿਕਾਸ ਦੇ ਸਰਬਉੱਚ ਸਿਖਰ ਤੇ ਪਰਮ ਸਰੂਪ ਈਸ਼ਵਰ ਹੈ।

**ਈਸ਼ਵਰ** : ਅਰਸਤੂ ਦੇ ਅਨੁਸਾਰ ਈਸ਼ਵਰ ਹੀ ਸ੍ਰਿਸ਼ਟੀ ਦਾ ਆਦਿ ਅਤੇ ਅੰਤ ਹੈ। ਉਹੀ ਪਦਾਰਥ ਨੂੰ ਗਤੀ ਪ੍ਰਦਾਨ ਕਰਦਾ ਹੈ; ਪਰੰਤੂ ਖ਼ੁਦ ਗਤੀਹੀਨ ਹੈ। ਉਹ ਨਿੱਤ, ਅਚਲ ਅਤੇ ਸਥਿਰ ਹੈ। ਈਸ਼ਵਰ ਖ਼ੁਦ ਗਤੀਵਿਹੀਨ, ਅਪਰਿਣਾਮੀ ਹੁੰਦਿਆਂ ਹੋਇਆਂ ਵੀ ਸਾਰੀਆਂ ਗਤੀਆਂ, ਪਰਿਣਾਮਾਂ ਅਤੇ ਪਰਿਵਰਤਨਾਂ ਦਾ ਸਰੋਤ ਮੰਨਿਆ ਜਾਂਦਾ ਹੈ। ਸੰਪੂਰਨ ਜਗਤ ਪਦਾਰਥ ਤੋਂ ਸਰੂਪ ਵਲ ਵਿਕਾਸਮਾਨ ਹੈ। ਈਸ਼ਵਰ ਇਸ ਵਿਕਾਸ ਦਾ ਸਰਬ ਉੱਤਮ ਰੂਪ ਹੈ, ਵਿਕਾਸ ਦਾ ਸਿਖਰ ਹੈ। ਇਹ ਪਦਾਰਥ ਦਾ ਚਾਲਕ ਕਿਹਾ ਗਿਆ ਹੈ ਕਿਉਂਕਿ ਇਹੀ ਸਰਬ ਪ੍ਰਥਮ ਪਦਾਰਥ ਨੂੰ ਗਤੀ ਪ੍ਰਦਾਨ ਕਰਦਾ ਹੈ। ਦਰਅਸਲ ਈਸ਼ਵਰ ਗਤੀ ਦਿੰਦਾ ਨਹੀਂ ਬਲਕਿ ਉਸਦੀ ਉਪਸਥਿਤੀ ਮਾਤਰ ਹੀ ਪਦਾਰਥ ਵਿਚ ਠੀਕ ਉਸੇ ਤਰ੍ਹਾਂ ਹੀ ਗਤੀ ਲਿਆ ਦਿੰਦੀ ਹੈ ਜਿਵੇਂ ਕੋਈ ਖ਼ੂਬਸੂਰਤ ਦ੍ਰਿਸ਼, ਸੁਰੀਲਾ ਵਾਦਨ-ਗਾਇਨ ਆਪਣੇ ਆਪ ਹੀ ਸਾਡੀ ਆਤਮਾ ਨੂੰ ਧੜਕਾ ਜਾਂਦਾ ਹੈ। ਜਿਵੇਂ ਕੋਈ ਆਦਰਸ਼ ਵਿਅਕਤੀ ਨੂੰ ਪ੍ਰੇਰਨਾ ਦਿੰਦਾ ਹੈ, ਉਸੇ ਤਰ੍ਹਾਂ ਈਸ਼ਵਰ ਵੀ ਆਦਰਸ਼ਾਂ ਦਾ ਅਤੇ ਫਲਸਰੂਪ ਜੀਵਾਂ ਦਾ ਪ੍ਰੇਰਨਾ ਸਰੋਤ ਹੈ। ਈਸ਼ਵਰ ਉਹ ਪਰਮ ਸ਼ੁਭ ਹੈ ਜਿਸ ਵਲ ਜਗਤ ਦੇ ਸਾਰੇ ਪਦਾਰਥ ਵਿਕਾਸ ਦੀਆਂ ਸਾਰੀਆਂ ਪੌਧਰਾਂ ਪੁੱਜਣ ਦੇ ਆਹਰ ਵਿਚ ਹਨ। ਸਰੂਪ ਨੂੰ ਅਰਸਤੂ ਸਤਿ ਮੰਨਦਾ ਹੈ ਅਤੇ ਈਸ਼ਵਰ ਵਿਕਾਸ ਦਾ ਸਿਖਰ ਹੋਣ ਦੇ ਨਾਤੇ ਪਰਮ ਸਰੂਪ ਹੈ ਅਤੇ ਪਰਮ ਸਤਿ ਹੈ।

ਈਸ਼ਵਰ ਜਗਤ ਦਾ ਪ੍ਰਥਮ ਚਾਲਕ (First Mover) ਹੈ ਪਰੰਤੂ ਖ਼ੁਦ ਸਥਿਰ ਹੈ। ਸਾਰੇ ਪਦਾਰਥ ਈਸ਼ਵਰ ਰੂਪੀ ਨਿਸ਼ਾਨੇ ਵਲ ਰੁਚਿਤ ਹੋਣ ਕਰਕੇ ਗਤੀਸ਼ੀਲ ਹਨ। ਈਸ਼ਵਰ ਪੂਰਨ ਹੈ ਅਤੇ ਖ਼ੁਦ ਹੀ ਆਪਣਾ ਅੰਤ ਵੀ ਹੈ। ਉਸਦਾ ਆਪਣਾ ਕੋਈ ਲਕਸ਼ ਨਹੀਂ। ਵਿਕਾਸ ਤਾਂ ਹਮੇਸ਼ਾ ਉਚਤਰ ਰੂਪ ਦੀ ਪ੍ਰਾਪਤੀ ਲਈ ਹੁੰਦਾ ਹੈ; ਪਰੰਤੂ ਈਸ਼ਵਰ ਖ਼ੁਦ ਉਚਤਮ ਸਰੂਪ ਹੈ, ਇਸ ਲਈ

ਉਸਨੂੰ ਗਤੀ ਦੀ ਲੋੜ ਨਹੀਂ। ਏਸੇ ਲਈ ਅਰਸਤੂ ਈਸ਼ਵਰ ਨੂੰ ਅਚਲ ਕਹਿੰਦਾ ਹੈ। ਅਜਿਹਾ ਕਹਿਣ ਪਿਛੇ ਅਰਸਤੂ ਦਾ ਤਰਕ ਇਹ ਹੈ : ਕੋਈ ਵੀ ਪਦਾਰਥ ਦੂਸਰੇ ਪਦਾਰਥ ਦੇ ਕਾਰਨ ਗਤੀਸ਼ੀਲ ਹੁੰਦਾ ਹੈ, ਦੂਸਰਾ ਤੀਸਰੇ ਕਾਰਨ, ਅਰਥਾਤ ਇਕ ਦੀ ਗਤੀ ਦੀ ਵਿਆਖਿਆ ਲਈ ਦੂਜੇ, ਤੀਜੇ, ਚੌਥੇ ਅਤੇ ਪਤਾ ਨਹੀਂ ਕਿੰਨੇ ਹੋਰ ਕਾਰਨਾਂ ਦੀ ਲੋੜ ਪੈਂਦੀ ਹੈ ਅਤੇ ਇਸ ਤਰ੍ਹਾਂ ਅਨਵਸਥਾ ਦੋਸ਼ (fallacy of infinite regress) ਪੈਦਾ ਹੋ ਜਾਂਦਾ ਹੈ। ਕਿਤੇ ਨਾ ਕਿਤੇ ਇਸ ਵਿਵਸਥਾ ਦਾ ਅੰਤ ਮੰਨਣਾ ਪਵੇਗਾ। ਇਸ ਦੋਸ਼ ਨੂੰ ਈਸ਼ਵਰ ਨੂੰ ਅਚਲ ਚਲੰਤਾ (Unmoved Mover) ਮੰਨ ਕੇ ਹੀ ਦੂਰ ਕੀਤਾ ਜਾ ਸਕਦਾ ਹੈ—ਅਰਥਾਤ ਈਸ਼ਵਰ ਹੀ ਗਤੀ ਦਾ, ਵਿਕਾਸ ਦਾ ਅੰਤ ਹੈ, ਸਿਖਰ ਹੈ।

ਉਪਰੋਕਤ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਕਾਲ ਦੀ ਦ੍ਰਿਸ਼ਟੀ ਤੋਂ ਵੇਖਿਆਂ ਈਸ਼ਵਰ ਸ੍ਰਿਸ਼ਟੀ ਦੇ ਪਹਿਲਾਂ ਤਾਂ ਵਿਦਮਾਨ ਸੀ ਅਤੇ ਉਸਨੇ ਤਾਂ ਹੀ ਸਾਰੇ ਪਦਾਰਥਾਂ ਨੂੰ ਗਤੀਮਾਨ ਕੀਤਾ ਪਰ ਅੰਤ ਵਿਚ ਉਸਦਾ ਹੋਣਾ ਅਸੰਭਵ ਹੈ। ਪਰੰਤੂ ਅਰਸਤੂ ਦੇ ਅਨੁਸਾਰ ਨਿਮਿੱਤ ਕਾਰਨ ਹੀ ਅੰਤਮ ਕਾਰਨ ਹੈ। ਉਦੇਸ਼, ਅਥਵਾ ਅੰਤਮ ਕਾਰਨ ਹੀ ਅਰੰਭ ਹੈ ਅਤੇ ਏਸੇ ਅਰਥ ਵਿਚ ਈਸ਼ਵਰ ਆਦਿ ਕਾਲ ਤੋਂ ਸਥਿਤ ਹੈ। ਪਰੰਤੂ ਇਹ ਮਸ਼ੀਨੀ ਵਿਆਖਿਆ ਸਮੇਂ (ਕਾਲ) ਦੀ ਦ੍ਰਿਸ਼ਟੀ ਤੋਂ ਹੈ, ਤਰਕ ਦੀ ਦ੍ਰਿਸ਼ਟੀ ਤੋਂ ਨਹੀਂ। ਅਰਸਤੂ ਦੇ ਅਨੁਸਾਰ ਜਗਤ ਦੀ ਗਤੀ ਦੇ ਸਮੇਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ, ਇਸ ਲਈ ਤਾਰਕਿਕ ਦ੍ਰਿਸ਼ਟੀ ਤੋਂ ਈਸ਼ਵਰ ਜਗਤ ਦਾ ਉਦੇਸ਼ ਹੋਣ ਕਾਰਨ ਸਭ ਤੋਂ ਪੂਰਬਲਾ ਹੈ। ਏਸੇ ਦ੍ਰਿਸ਼ਟੀ ਤੋਂ ਉਸਨੂੰ ਪਰਾ-ਪੂਰਬਲਾ ਕਾਰਨ ਕਿਹਾ ਗਿਆ ਹੈ। ਇਸ ਲਈ ਈਸ਼ਵਰ ਦੀ ਆਦਿ, ਮੱਧ ਅਤੇ ਅੰਤ ਵਿਚ ਹੋਣ ਦੀ ਸਥਿਤੀ ਨੂੰ ਤਾਰਕਿਕ ਦ੍ਰਿਸ਼ਟੀ ਨਾਲ ਵੇਖਿਆ ਜਾਣਾ ਚਾਹੀਦਾ ਹੈ, ਕਾਲਿਕ ਦ੍ਰਿਸ਼ਟੀ ਨਾਲ ਨਹੀਂ।

ਈਸ਼ਵਰ ਜਗਤ ਦਾ ਤਰਕ-ਸਿੱਧ (formal) ਕਾਰਨ, ਸ਼ੁਧ ਸਰੂਪ ਅਤੇ ਪਰਮ ਵਿਗਿਆਨ ਹੈ। ਪਰ ਸੁਆਲ ਪੈਦਾ ਹੁੰਦਾ ਹੈ ਕਿ ਇਹ ਸਰੂਪ ਜਾਂ ਵਿਗਿਆਨ ਕਿਸ ਦਾ ਹੈ ? ਅਰਸਤੂ ਇਹ ਮੰਨਦਾ ਹੈ ਕਿ ਈਸ਼ਵਰ ਦਾ ਸ਼ੁਧ ਸਰੂਪ ਕਿਸੇ ਠੋਸ, ਦ੍ਰਵ ਜਾਂ ਗੈਸ ਦਾ ਪਰਮ ਅਤੇ ਸ਼ੁਧ ਸਰੂਪ ਨਹੀਂ ਹੈ

ਬਲਕਿ ਇਹ ਸਰੂਪ ਦਾ ਵੀ ਸਰੂਪ (Form of Form) ਹੈ ਜਿਹੜਾ ਨਾ ਠੋਸ ਹੈ ਨਾ ਦ੍ਰਵ ਹੈ ਅਤੇ ਨਾ ਹੀ ਗੈਸ ਹੈ। ਉਸਦਾ ਸਰੂਪ ਹੀ ਉਸਦਾ ਪਦਾਰਥ (matter, substance) ਹੈ, ਅਰਥਾਤ ਉਹ ਸਰੂਪਾਂ ਦਾ ਸਰੂਪ ਅਤੇ ਵਿਗਿਆਨਾਂ ਦਾ ਵਿਗਿਆਨ (Thought of Thought) ਹੈ। ਈਸ਼ਵਰ ਵਿਚਾਰ ਹੈ, ਪਰ ਵਿਚਾਰ ਦਾ ਕੋਈ ਵਿਸ਼ਾ ਹੋਣਾ ਚਾਹੀਦਾ ਹੈ। ਈਸ਼ਵਰ ਖ਼ੁਦ ਆਪਣਾ ਵਿਸ਼ਾ ਹੈ ਇਸ ਲਈ ਉਸਨੂੰ ਵਿਚਾਰ ਕਰਦਾ ਹੋਇਆ ਵਿਚਾਰ (Thought thinking thought) ਵੀ ਕਿਹਾ ਜਾਂਦਾ ਹੈ। ਉਹ ਆਪਣੇ ਵਿਚਾਰ ਦਾ ਵਿਸ਼ਾ ਅਤੇ ਵਿਸ਼ਈ (subject-object) ਖ਼ੁਦ ਆਪ ਹੀ ਹੈ; ਉਹ ਜਾਣਨਹਾਰ ਵੀ ਹੈ ਅਤੇ ਜਾਣਨਯੋਗ ਜਾਂ ਸਮਰੱਥ ਵੀ ਹੈ। ਮੈਟਾਫਿਜ਼ਿਕਸ (1072b19) ਵਿਚਲਾ ਈਸ਼ਵਰ ਸੰਬੰਧੀ ਅਰਸਤੂ ਦਾ ਇਹ ਵਾਕ ਜਗਤ-ਪ੍ਰਸਿੱਧ ਹੈ : "Thought thinks itself as object in virtue of its participation in what is thought." ਈਸ਼ਵਰ ਤੋਂ ਇਲਾਵਾ ਕਿਸੇ ਹੋਰ ਦੀ ਸਦੀਵੀ ਹੋਂਦ ਨਹੀਂ ਹੈ ਅਤੇ ਕੇਵਲ ਉਹੀ ਵਿਕਾਸ ਦੀ ਸਿਖਰ ਤੇ ਹੋਣ ਕਾਰਨ ਪੂਰਨ ਵਿਚਾਰ, ਪੂਰਨ ਆਦਰਸ਼ ਅਤੇ ਸੰਪੂਰਨ ਵਿਗਿਆਨ ਹੈ।

## ਨੀਤੀ ਸ਼ਾਸਤਰ (Ethics)

ਅਰਸਤੂ ਦੀਆਂ ਨੀਤੀ ਸ਼ਾਸਤਰ ਨਾਲ ਸੰਬੰਧਿਤ ਰਚਨਾਵਾਂ ਵਿਚੋਂ ਤਿੰਨ ਰਚਨਾਵਾਂ ਪ੍ਰਸਿੱਧ ਹਨ : 'ਨੀਕੋਮੈਕੀਅਨ ਐਥਿਕਸ', 'ਯੂਡੀਮਿਅਨ ਐਥਿਕਸ' ਅਤੇ 'ਮੈਗਨਾ-ਮੋਰੇਲੀਆ'। ਇਸ ਵਿਚੋਂ ਪਹਿਲੀ ਰਚਨਾ ਨੂੰ ਅਰਸਤੂ ਦੀ ਆਪਣੀ ਰਚਨਾ ਮੰਨਿਆ ਜਾਂਦਾ ਰਿਹਾ ਹੈ ਅਤੇ ਬਾਕੀ ਦੀਆਂ ਦੋ ਰਚਨਾਵਾਂ ਨੂੰ ਉਸ ਦੇ ਵਿਦਿਆਰਥੀਆਂ ਦੀਆਂ ਰਚਨਾਵਾਂ ਜਾਂ ਸੰਕਲਨ ਮੰਨਿਆ ਜਾਂਦਾ ਹੈ। ਅਰਸਤੂ ਦਾ ਨੈਤਿਕ ਸ਼ਾਸਤਰ ਵਿਹਾਰਕ ਅਤੇ ਜੀਵਨ ਲਈ ਉਪਯੋਗੀ ਹੈ। ਫਲਸਫੇ ਵਿਚ ਇਕ ਆਮ ਪ੍ਰਸ਼ਨ ਇਹ ਪੁਛਿਆ ਜਾਂਦਾ ਹੈ ਕਿ ਪਰਮ ਸ਼ੁਭ ਕੀ ਹੈ। ਅਰਸਤੂ ਦਾ ਸਾਰਾ ਨੈਤਿਕ ਦਰਸ਼ਨ ਇਸ ਸਮੱਸਿਆ ਦਾ ਸਮਾਧਾਨ ਪੇਸ਼ ਕਰਦਾ ਹੈ। ਪਰਮ ਸ਼ੁਭ ਦੀ ਸਮੱਸਿਆ ਨੂੰ ਪਲੈਟੋ ਨੇ ਵੀ ਵਿਚਾਰਿਆ ਹੈ ਪਰੰਤੂ ਪਲੈਟੋ ਲਈ ਇਹ ਜਗਤ ਅਸਤਿ, ਅਤੇ ਵਿਗਿਆਨ

(Idea) ਹੀ ਸਤਿ ਸੀ। ਇਸੇ ਲਈ ਇੰਦਰਿਆਵੀ ਜਗਤ ਨੂੰ ਨੀਵਾਂ ਮੰਨਣਾ ਉਸ ਲਈ ਸੁਭਾਵਿਕ ਹੀ ਸੀ ਅਤੇ ਜੋ ਕੁਝ ਉਸ ਲਈ ਉੱਚਾ ਸੀ ਉਹ ਦਰਅਸਲ ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹਾਂ ਆਕਾਸ਼ੀ ਅਤੇ ਅਤਿਅੰਤ ਸੂਖਮ ਜਗਤ ਸੀ। ਇਸ ਤਰ੍ਹਾਂ ਪਲੈਟੋ ਦਾ ਪਰਮ ਸ਼ੁਭ ਵਿਹਾਰਕ ਜੀਵਨ ਦੇ ਬਰ-ਮੇਚ ਦਾ ਨਹੀਂ ਸੀ। ਅਰਸਤੂ ਨੇ ਪਲੈਟੋ ਦੀ ਇਸ ਕਮੀ ਨੂੰ ਪੂਰਾ ਕੀਤਾ ਹੈ ਅਤੇ ਪਰਮ ਸ਼ੁਭ (Good) ਨੂੰ ਜੀਵਨ ਦਾ ਆਦਰਸ਼ ਮੰਨ ਕੇ ਉਸ ਨੂੰ ਵਿਹਾਰ ਵਿਚ ਉਤਾਰਨ ਦੀ ਪ੍ਰੇਰਨਾ ਦਿੱਤੀ। ਕਹਿਣ ਦਾ ਭਾਵ ਇਹ ਹੈ ਕਿ ਅਰਸਤੂ ਨੇ ਪਰਮਾਰਥਕ ਨੈਤਿਕਤਾ ਦੀ ਥਾਂ ਵਿਹਾਰਕ ਨੈਤਿਕਤਾ ਦੀ ਗੱਲ ਜ਼ਿਆਦਾ ਕੀਤੀ ਹੈ।

ਨੀਤੀ ਸ਼ਾਸਤਰ ਦਾ ਇਹ ਮੁਢਲਾ ਪ੍ਰਸ਼ਨ ਹੈ ਕਿ ਮਨੁੱਖ ਦਾ ਆਦਰਸ਼ ਕੀ ਹੋਵੇ ਜਿਹੜਾ ਕਿ ਉਸ ਦੇ ਸਾਰੇ ਕੰਮਾਂ ਦੀ ਪ੍ਰੇਰਨਾ ਬਣ ਸਕੇ। ਆਮ ਤੌਰ ਤੇ ਅਸੀਂ ਜੀਵਨ ਵਿਚ ਕਿਸੇ ਵੀ ਆਦਰਸ਼ ਦਾ ਪਾਲਣ ਕਿਸੇ ਉਦੇਸ਼ ਦੀ ਪ੍ਰਾਪਤੀ ਲਈ ਕਰਦੇ ਹਾਂ। ਇਸ ਲਈ ਸਾਡਾ ਆਦਰਸ਼ ਕਿਸੇ ਉਦੇਸ਼ ਦਾ ਸਾਧਨ ਬਣ ਜਾਂਦਾ ਹੈ। ਪਰੰਤੂ ਦਰਅਸਲ ਸਾਨੂੰ ਕਿਸੇ ਅਜਿਹੇ ਉਦੇਸ਼ ਦੀ ਖੋਜ ਕਰਨੀ ਹੁੰਦੀ ਹੈ ਜਿਹੜਾ ਫਿਰ ਅੱਗੇ ਕਿਸੇ ਹੋਰ ਉਦੇਸ਼ ਦਾ ਸਾਧਨ ਨਾ ਹੋਵੇ ਬਲਕਿ ਆਪਣੇ ਆਪ ਹੀ ਇਕ ਸੰਪੂਰਨ ਉਦੇਸ਼ ਹੋਵੇ। ਤਾਂ ਹੀ ਉਸ ਦੀ ਪ੍ਰਾਪਤੀ ਲਈ ਅਸੀਂ ਪ੍ਰੇਰਿਤ ਹੋ ਸਕਾਂਗੇ। ਅਜਿਹਾ ਕਿਹੜਾ ਉਦੇਸ਼ ਹੈ ਜਿਹੜਾ ਸਾਰਿਆਂ ਨੂੰ ਸਮਾਨ ਰੂਪ ਵਿਚ ਚੰਗਾ ਲੱਗਦਾ ਹੈ? ਅਰਸਤੂ ਦੇ ਅਨੁਸਾਰ ਇਹ ਉਦੇਸ਼ 'ਸੁਖ' (Happiness) ਹੈ। ਪਰੰਤੂ ਸੁਖ ਦਾ ਸਰੂਪ ਅਗੇ ਹੋਰ ਬਹਿਸ ਦਾ ਵਿਸ਼ਾ ਹੈ ਕਿਉਂਕਿ ਇਕ ਯੋਗੀ ਤੇ ਇਕ ਭੋਗੀ ਦੋਵਾਂ ਦੇ ਸੁਖ ਵਖੋ ਵਖ ਹਨ। ਸੰਸਾਰੀ ਵਿਅਕਤੀ ਵਾਸਤੇ ਸੰਸਾਰਕ ਵਸਤੂਆਂ ਹੀ ਸੁਖਦਾਈ ਹਨ, ਜਦੋਂ ਕਿ ਇਕ ਸੰਨਿਆਸੀ ਵਾਸਤੇ ਸਾਰਾ ਸੰਸਾਰ ਦੁਖ ਹੀ ਦੁਖ ਹੈ।

ਦਰਅਸਲ ਸੁਖ ਦਾ ਆਧਾਰ ਅਜਿਹੀ ਭੋਗ ਬਿਰਤੀ ਹੈ ਜਿਹੜੀ ਕਿਸੇ ਨਾ ਕਿਸੇ ਰੂਪ ਵਿਚ ਲਾਹੇਵੰਦੀ ਹੋਵੇ। ਇਸ ਲਈ ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਜਿਹੜਾ ਕਾਰਜ ਸਾਡੀ ਭੋਗ ਬਿਰਤੀ ਨੂੰ ਤ੍ਰਿਪਤ ਕਰਦਾ ਹੈ ਉਹੀ ਨੈਤਿਕ ਕਾਰਜ ਹੈ। ਇਸ ਤਰ੍ਹਾਂ ਸੁਖ ਦਾ ਸੰਬੰਧ ਭੋਗ-ਬਿਰਤੀ ਨਾਲ

ਹੈ। ਬੇਸ਼ਕ ਅਰਸਤੂ ਵੀ ਸੁਖ ਨੂੰ ਜੀਵਨ ਦਾ ਉਦੇਸ਼ ਮੰਨਦਾ ਹੈ ਪਰੰਤੂ ਉਸਦਾ ਦ੍ਰਿਸ਼ਟੀਕੋਣ ਭਿੰਨ ਹੈ। ਉਸਦੇ ਅਨੁਸਾਰ ਕੋਈ ਕੰਮ ਇਸ ਲਈ ਨੈਤਿਕ ਨਹੀਂ ਕਿ ਉਸ ਵਿਚੋਂ ਸੁਖ ਦੀ ਪ੍ਰਾਪਤੀ ਹੋ ਰਹੀ ਹੈ ਬਲਕਿ ਕੰਮ ਨੈਤਿਕ ਹੁੰਦਾ ਹੈ ਤਾਂ ਉਸ ਵਿਚੋਂ ਸੁਖ ਦੀ ਪ੍ਰਾਪਤੀ ਹੁੰਦੀ ਹੈ। ਉਪਯੋਗਿਤਾਵਾਦ ਦੇ ਅਨੁਸਾਰ ਭੋਗ ਨੈਤਿਕ ਕਦਰਾਂ-ਕੀਮਤਾਂ ਦਾ ਆਧਾਰ ਹੈ ਪਰੰਤੂ ਅਰਸਤੂ ਦੇ ਅਨੁਸਾਰ ਭੋਗ ਬਿਰਤੀ ਨੈਤਿਕ ਕਦਰਾਂ ਕੀਮਤਾਂ ਦਾ ਫਲ ਜਾਂ ਨਤੀਜਾ ਹੈ। ਇਸ ਲਈ ਅਰਸਤੂ ਦੇ ਅਨੁਸਾਰ ਨੈਤਿਕਤਾ ਵਿਚੋਂ ਸੁਖ ਉਗਮਦਾ ਹੈ ਸੁਖ ਵਿਚੋਂ ਨੈਤਿਕਤਾ ਨਹੀਂ।

ਅਰਸਤੂ ਦੇ ਅਨੁਸਾਰ ਸੰਸਾਰ ਦੇ ਹਰ ਇਕ ਪ੍ਰਾਣੀ ਦਾ ਉਦੇਸ਼ ਜਾਂ ਨਿਸ਼ਾਨਾ ਨਿਸ਼ਚਿਤ ਹੈ ਅਤੇ ਹਰ ਪ੍ਰਾਣੀ ਆਪਣੇ ਉਦੇਸ਼ ਦੀ ਪੂਰਤੀ ਦੇ ਆਹਰ ਵਿਚ ਰੁੱਝਾ ਹੋਇਆ ਹੈ। ਬੌਧਿਕ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਦਾ ਉਦੇਸ਼ ਇੰਦਰਿਆਵੀ ਸੁਖ ਨਹੀਂ ਹੋ ਸਕਦਾ ਕਿਉਂਕਿ ਮਨੁੱਖ ਦਾ ਹਰ ਕੰਮ ਬੁੱਧੀ ਮੂਲਕ ਹੈ। ਇੰਦ੍ਰੀ ਸੁਖ ਤਾਂ ਪਸ਼ੂ ਦਾ ਉਦੇਸ਼ ਹੋ ਸਕਦਾ ਹੈ ਕਿਉਂਕਿ ਉਹ ਜ਼ਿਆਦਾਤਰ ਸੰਵੇਦਨਾਵਾਂ ਦੇ ਆਸਰੇ ਵਿਚਰਦਾ ਹੈ। ਮਨੁੱਖ ਬੇਸ਼ਕ ਬੁੱਧੀ ਪ੍ਰਧਾਨ ਹੋਣ ਕਾਰਨ ਪ੍ਰਮੁਖ ਰੂਪ ਵਿਚ ਚਿੰਤਨਸ਼ੀਲ ਪ੍ਰਾਣੀ ਹੈ ਪਰੰਤੂ ਇਸ ਦਾ ਅਰਥ ਇਹ ਨਹੀਂ ਕਿ ਉਹ ਸੰਵੇਦਨਾਵਾਂ ਤੋਂ ਬਿਲਕੁਲ ਸੱਖਣਾ ਹੈ। ਮਨੁੱਖ ਵਿਕਾਸ ਦੀ ਸਭ ਤੋਂ ਉਪਰਲੀ ਪਉੜੀ ਉੱਤੇ ਜ਼ਰੂਰ ਪੁੱਜਾ ਹੋਇਆ ਹੈ ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਹੋਰ ਨਿਮਨ ਦਰਜੇ ਦੇ ਵਿਕਾਸਸ਼ੀਲ ਜੀਵਾਂ ਨਾਲ ਉਸਦਾ ਕੋਈ ਸੰਬੰਧ ਹੀ ਨਹੀਂ ਹੈ। ਮਨੋਵੇਗ ਅਤੇ ਲਾਲਸਾ ਆਦਿਕ ਵੀ ਮਨੁੱਖੀ ਸੁਭਾਅ ਦੇ ਅੰਗ ਹਨ। ਮਨੁੱਖੀ ਸੁਭਾਅ ਨੂੰ ਧਿਆਨ ਵਿਚ ਰਖ ਕੇ ਅਰਸਤੂ ਨੇ ਸਦਗੁਣਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ:

1. ਬੌਧਿਕ ਸਦਗੁਣ (Intellectual Virtues)

2. ਨੈਤਿਕ ਸਦਗੁਣ (Ethical Virtues)

ਬੌਧਿਕ ਸਦਗੁਣ ਸਰਬਉੱਚ ਹਨ; ਇਨ੍ਹਾਂ ਦਾ ਸੰਬੰਧ ਵਿਚਾਰ ਜਾਂ ਬੁੱਧੀ ਦੀ ਪੱਧਰ ਨਾਲ ਹੈ। ਪਰੰਤੂ ਨੈਤਿਕ ਸਦਗੁਣ ਦਰਅਸਲ ਨੈਤਿਕ ਸ਼ਾਸਤਰ ਦਾ ਪ੍ਰਮੁਖ ਵਿਸ਼ਾ ਹਨ। ਇਹ ਮਨੁੱਖ ਦੇ ਮਨੋਵੇਗਾਂ ਅਤੇ ਭੁੱਖਾਂ ਦਾ ਸਮਤੁਲਿਤ



www.punjabilibrary.com

ਰੂਪ ਹਨ। ਮਨੁੱਖ ਬਬੇਕਵਾਨ ਹੈ ਅਤੇ ਨਾਲ ਹੀ ਨਾਲ ਪਸ਼ੂਆਂ ਦੀ ਤਰ੍ਹਾਂ ਹੀ ਅਨੇਕਾਂ ਤਰ੍ਹਾਂ ਦੀ ਭੁੱਖ ਵੀ ਅਨੁਭਵ ਕਰਦਾ ਹੈ। ਅਰਸਤੂ ਨੇ ਪਹਿਲੀ ਵਾਰ ਇਨ੍ਹਾਂ ਦੇ ਮਿਲੇ-ਜੁਲੇ ਰੂਪ ਅਤੇ ਪ੍ਰਭਾਵ ਦਾ ਨਿਰਨਾਜਨਕ ਅਧਿਐਨ ਪੇਸ਼ ਕੀਤਾ ਹੈ। ਸੁਕਰਾਤ ਇਹ ਮੰਨਦਾ ਹੈ ਕਿ ਗਿਆਨ ਹੀ ਧਰਮ ਹੈ ਅਤੇ ਧਰਮ ਦਾ ਆਚਰਨ ਉਸੇ ਦਾ ਹੀ ਹੋ ਸਕਦਾ ਹੈ ਜਿਸਨੂੰ ਧਰਮ ਦਾ ਗਿਆਨ ਹੋਵੇ। ਸੁਕਰਾਤ ਨੇ ਮਨੁੱਖ ਨੂੰ ਪੂਰਨ ਰੂਪ ਵਿਚ ਬਬੇਕ ਦਾ ਮੁਜੱਸਮਾ ਹੀ ਮੰਨਿਆ ਹੈ ਅਤੇ ਮਨੁੱਖ ਦੇ ਮਨੋਵੇਗਾਂ, ਲਾਲਸਾਵਾਂ, ਲੋਭ, ਮੋਹ, ਆਦਿ ਬਿਰਤੀਆਂ ਦਾ ਵਿਸ਼ੇਸ਼ ਜ਼ਿਕਰ ਨਹੀਂ ਕੀਤਾ ਹੈ। ਅਰਸਤੂ ਇਨ੍ਹਾਂ ਪਰਬਿਰਤੀਆਂ ਨੂੰ ਮਨੁੱਖੀ ਸੁਭਾਅ ਦਾ ਅਨਿਖੜਵਾਂ ਅੰਗ ਮੰਨਦਾ ਹੈ ਅਤੇ ਇਹ ਵੀ ਮੰਨਦਾ ਹੈ ਕਿ ਇਨ੍ਹਾਂ ਬਿਰਤੀਆਂ ਦਾ ਦਮਨ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਨੂੰ ਬਬੇਕ ਦੀ ਸਹਾਇਤਾ ਨਾਲ ਅਭਿਆਸ ਰਾਹੀਂ ਕਾਬੂ ਹੇਠ ਜ਼ਰੂਰ ਲਿਆਇਆ ਜਾ ਸਕਦਾ ਹੈ। ਅਰਸਤੂ ਆਪਣੇ ਨੀਤੀ ਸ਼ਾਸਤਰ ਵਿਚ ਅਭਿਆਸ ਉਤੇ ਖ਼ਾਸ ਜ਼ੋਰ ਦਿੰਦਾ ਹੈ ਅਤੇ ਮੰਨਦਾ ਹੈ ਕਿ ਅਭਿਆਸ ਨਾਲ ਹੀ ਮਨੁੱਖ ਸਦਗੁਣੀ ਬਣ ਸਕਦਾ ਹੈ।

ਇਸ ਤਰ੍ਹਾਂ ਇਹ ਸਪੱਸ਼ਟ ਹੈ ਕਿ ਮਨੋਵੇਗ ਅਤੇ ਬੁੱਧੀ ਦੋਵੇਂ ਨੈਤਿਕਤਾ ਦੇ ਜ਼ਰੂਰੀ ਅੰਗ ਹਨ ਅਤੇ ਦੋਵਾਂ ਦਾ ਆਧਾਰ ਹੈ ਪਸ਼ੂਪਨ ਅਤੇ ਬਬੇਕ। ਮਨੋਵੇਗ ਸਦਗੁਣ ਦਾ ਕੱਚਾ ਮਾਲ (matter) ਹੈ ਅਤੇ ਬੁੱਧੀ ਇਸਦਾ ਸਰੂਪ। ਸਦਗੁਣ ਇਨ੍ਹਾਂ ਦੋਵੇਂ ਹਾਠਾਂ ਦਾ ਸੁਮੇਲ ਹੈ ਅਤੇ ਦੋਵਾਂ ਦੇ ਵਿਚਕਾਰਲਾ ਮਾਰਗ ਹੈ। ਇਸ ਅਨੁਸਾਰ ਪੂਰਨ ਲੀਨਤਾ ਵੀ ਤਿਆਗਯੋਗ ਹੈ ਅਤੇ ਪੂਰਨ ਤਿਆਗ ਵੀ ਤਿਆਗਯੋਗ ਹੈ। ਮਨੁੱਖ ਲਈ ਮਧਿਅਮ ਮਾਰਗ ਹੀ ਹਿਤਕਾਰੀ ਹੈ ਜਿਸ ਵਿਚ ਜੋਗ ਅਤੇ ਭੋਗ, ਸੰਸਾਰ ਅਤੇ ਵੈਰਾਗ ਦੋਵੇਂ ਰਲਵੇਂ ਰੂਪ ਵਿਚ ਨਾਲ ਨਾਲ ਚਲਦੇ ਹਨ। ਪਰੰਤੂ ਏਥੇ ਸੁਆਲ ਇਹ ਪੈਦਾ ਹੁੰਦਾ ਹੈ ਕਿ ਇਸ ਮਧਿਅਮ ਮਾਰਗ ਦਾ ਨਿਸ਼ਚਾ ਕਿਵੇਂ ਕੀਤਾ ਜਾ ਸਕਦਾ ਹੈ ? ਮਧਿਅਮ ਮਾਰਗ ਕੀ ਹੈ ਅਤੇ ਕਿਵੇਂ ਜਾਣਿਆ ਜਾ ਸਕਦਾ ਹੈ ? ਜਿਹੜਾ ਮਾਰਗ ਇਕ ਲਈ ਤਿਆਗਯੋਗ ਹੈ ਉਹ ਦੂਜੇ ਲਈ ਅਪਨਾਉਣ ਯੋਗ ਹੋ ਸਕਦਾ ਹੈ। ਅਰਸਤੂ ਇਸਦਾ ਉੱਤਰ ਦਿੰਦਾ ਹੋਇਆ ਕਹਿੰਦਾ ਹੈ ਕਿ ਮਾਰਗ ਦੀ ਚੋਣ ਵਿਅਕਤੀ ਦੀ ਨਿਰਨਾ ਕਰਨ ਦੀ ਸ਼ਕਤੀ ਉਤੇ ਨਿਰਭਰ ਕਰਦੀ ਹੈ। ਵਿਅਕਤੀ ਆਪਣੀ

ਅੰਤਰਦ੍ਰਿਸ਼ਟੀ (insight) ਨਾਲ ਹੀ ਇਸ ਦਾ ਨਿਸਚਾ ਕਰ ਸਕਦਾ ਹੈ; ਇਸਦਾ ਕੋਈ ਬਾਹਰੀ ਮਾਨਦੰਡ ਨਹੀਂ ਹੋ ਸਕਦਾ। ਅਰਸਤੂ ਨੇ ਮਧਿਅਮ ਮਾਰਗ ਦੇ ਕੁਝ ਉਦਾਹਰਣ ਵੀ ਦਿੱਤੇ ਹਨ: ਕਾਇਰਤਾ ਅਤੇ ਉਦੰਡਤਾ ਦਾ ਵਿਚਕਾਰ 'ਸਾਹਸ' ਹੈ। ਕਾਇਰਤਾ ਬੀਰਤਾ ਦਾ ਸਭ ਤੋਂ ਨਿਚਲਾ ਦਰਜਾ ਹੈ ਅਤੇ ਉਦੰਡਤਾ ਬੀਰਤਾ ਦੀ ਲੋੜੋਂ ਵੱਧ ਹੋਂਦ ਹੈ। ਇਨ੍ਹਾਂ ਦੇ ਵਿਚਲਾ ਬਿੰਦੂ ਸਾਹਸ ਹੈ। ਏਸੇ ਤਰ੍ਹਾਂ ਸੁਸ਼ੀਲਤਾ, ਉਤਸ਼ਾਹ-ਹੀਨਤਾ ਅਤੇ ਪ੍ਰਚੰਡਤਾ ਦਾ ਮੱਧ ਬਿੰਦੂ ਹੈ। ਸੱਜਨਤਾ, ਨਿਰਲਜਤਾ ਅਤੇ ਲੱਜਾਸ਼ੀਲਤਾ ਦਾ ਮੱਧ ਬਿੰਦੂ ਹੈ; ਏਸੇ ਤਰ੍ਹਾਂ ਆਤਮਸੰਜਮ ਉਦਾਸੀਨਤਾ ਅਤੇ ਸੰਜਮਹੀਨਤਾ ਦਾ ਮੱਧ ਬਿੰਦੂ ਹੈ।

ਭਾਰਤ ਵਿਚ ਵੀ ਲਗਪਗ ਉਨ੍ਹਾਂ ਸਮਿਆਂ ਵਿਚ ਹੀ ਮਹਾਤਮਾ ਬੁੱਧ ਨੇ ਮਧਿਅਮ ਮਾਰਗ ਦੀ ਗੱਲ ਛੇੜੀ ਸੀ ਅਤੇ ਭਾਰਤੀ ਜਨਤਾ ਨੇ ਜ਼ਿਆਦਾਤਰ ਉਸ ਨੂੰ ਸਵੀਕਾਰ ਕੀਤਾ ਸੀ। ਬਾਅਦ ਵਿਚ 15ਵੀਂ, 16ਵੀਂ ਸਦੀ ਵਿਚ ਹੋਂਦ ਵਿਚ ਆਏ ਸਿੱਖ ਧਰਮ ਨੇ ਵੀ ਪਰਵਿਰਤੀ ਅਤੇ ਨਿਰਵਿਰਤੀ ਦੋਵਾਂ ਨੂੰ ਦੋ ਹਾਠਾਂ ਮੰਨ ਕੇ ਬਬੇਕ ਬੁੱਧੀ ਨੂੰ ਜੀਵਨ ਦਾ ਪ੍ਰਮੁਖ ਅੰਗ ਮੰਨਣ ਵਾਲੇ ਸਿੱਖ ਧਰਮ ਦਾ ਪ੍ਰਚਲਨ ਕੀਤਾ ਜਿਹੜਾ ਕਿ ਅੱਜ ਲਗਪਗ 500 ਸਾਲਾਂ ਤੋਂ ਗੁਰੂ ਨਾਨਕ ਦੇਵ ਅਤੇ ਹੋਰ ਗੁਰੂ ਸਾਹਿਬਾਨ ਦੇ ਦਿੱਤੇ ਨੈਤਿਕ ਅਤੇ ਧਾਰਮਿਕ ਫਲਸਫੇ ਉੱਪਰ ਵਧ ਫੁੱਲ ਰਿਹਾ ਹੈ।

## ਪਾਲਿਟਿਕਸ (Politics)

ਅਰਸਤੂ ਲਈ ਰਾਜਨੀਤੀ ਵਿਹਾਰਕ ਗਿਆਨ ਦੀ ਅਜਿਹੀ ਸ਼ਾਖਾ ਹੈ ਜਿਹੜੀ ਨੈਤਿਕ ਸ਼ਾਸਤਰ ਦਾ ਇਕ ਭਾਗ ਹੁੰਦੀ ਹੋਈ ਵਿਅਕਤੀਆਂ ਦੇ ਸਮੂਹਾਂ ਬਾਰੇ ਚੇਤਨਾ ਪੈਦਾ ਕਰਦੀ ਹੈ। ਛੋਟੇ ਛੋਟੇ ਮਨੁੱਖੀ ਸਮੂਹਾਂ ਦੇ ਉਦੇਸ਼ ਵੀ ਛੋਟੇ ਅਤੇ ਸੀਮਿਤ ਹੁੰਦੇ ਹਨ ਪਰ ਇਕ ਨਗਰ ਜਾਂ ਕਿਸੇ ਵੱਡੇ ਰਾਜਨੀਤਕ ਸਮੂਹ ਦੇ ਟੀਚੇ ਮਨੁੱਖੀ ਜੀਵਨ ਦੇ ਟੀਚਿਆਂ ਦੇ ਸਮਾਨਾਂਤਰ ਹੀ ਕਿਰਿਆਸ਼ੀਲ ਰਹਿੰਦੇ ਹਨ। ਜਦੋਂ ਅਰਸਤੂ ਮਨੁੱਖ ਨੂੰ ਇਕ ਰਾਜਨੀਤਕ ਪ੍ਰਾਣੀ ਕਹਿੰਦਾ ਹੈ ਤਾਂ ਉਸਦਾ ਭਾਵ ਇਹ ਹੈ ਕਿ ਰਾਜਨੀਤਕ ਸਮੂਹਾਂ ਦਾ ਗਠਨ ਕਰਨਾ ਮਨੁੱਖੀ ਸੁਭਾਅ ਹੈ। 'ਪਾਲਿਟਿਕਸ' ਦੇ ਅਰੰਭ ਵਿਚ ਹੀ ਇਨ੍ਹਾਂ ਸਿਧਾਂਤਾਂ ਦਾ

ਨਿਰੂਪਣ ਕਰ ਦਿਤਾ ਗਿਆ ਹੈ। ਕੁਝ ਵਿਦਵਾਨ ਇਹ ਮੰਨਦੇ ਹਨ ਕਿ 'ਪਾਲਿਟਿਕਸ' ਅਰਸਤੂ ਦੇ ਲੈਕਚਰਾਂ ਦਾ ਸੰਗ੍ਰਹਿ ਹੈ ਜਿਸਨੂੰ ਬਾਅਦ ਵਿਚ ਉਸਦੇ ਵਿਦਿਆਰਥੀਆਂ ਨੇ ਇਹ ਰੂਪ ਦਿੱਤਾ ਹੈ। ਇਸ ਰਚਨਾ ਨੂੰ ਅੱਠ ਵੱਡੇ ਭਾਗਾਂ ਵਿਚ ਵੰਡਿਆ ਗਿਆ ਹੈ ਅਤੇ ਇਹ ਅੱਠ ਭਾਗ ਤਿੰਨ ਵਰਗਾਂ ਵਿਚ ਰੱਖੇ ਜਾ ਸਕਦੇ ਹਨ। ਪਹਿਲੇ ਵਰਗ ਵਿਚ ਰਾਜ ਦੀ ਉਤਪਤੀ, ਸੁਭਾਅ, ਅੰਦਰੂਨੀ ਸੰਗਠਨ ਅਤੇ ਦਾਸ ਪ੍ਰਥਾ ਬਾਰੇ ਅਰਸਤੂ ਦੇ ਵਿਚਾਰ ਹਨ। ਦੂਜੇ ਵਰਗ ਵਿਚ ਸ਼ਾਸਨ ਪ੍ਰਣਾਲੀ, ਰਾਜ- ਕ੍ਰਾਂਤੀ, ਵਿਧਾਨਕ ਫੇਰ-ਬਦਲ ਅਤੇ ਲੋਕਤੰਤਰ ਆਦਿ ਹਨ। ਤੀਜੇ ਵਰਗ ਵਿਚ ਅਰਸਤੂ ਦੇ ਆਦਰਸ਼ ਰਾਜ ਦਾ ਲੇਖਾ ਜੋਖਾ ਹੈ।

'ਪਾਲਿਟਿਕਸ' ਦੇ ਅਰੰਭ ਵਿਚ ਹੀ ਅਰਸਤੂ ਨੇ ਸੋਫਿਸਟ ਵਿਚਾਰਧਾਰਾ ਦਾ ਖੰਡਨ ਕੀਤਾ ਹੈ ਅਤੇ ਦਸਿਆ ਹੈ ਕਿ ਰਾਜ ਇਕ ਪਰੰਪਰਾਗਤ ਅਤੇ ਸੁਭਾਵਿਕ ਸੰਸਥਾ ਹੈ ਜਿਸਦੀ ਉਤਪਤੀ ਵਿਕਾਸ ਦੇ ਫਲਸਰੂਪ ਹੁੰਦੀ ਹੈ। ਇਹ ਸਰਬੋਤਮ ਸੰਸਥਾ ਹੈ ਜਿਸਦਾ ਉਦੇਸ਼ ਪੂਰਨ ਰੂਪ ਵਿਚ ਨੈਤਿਕ (ethical) ਹੈ ਅਤੇ ਇਸਦਾ ਕੰਮ ਰੱਖਿਆ ਕਰਨਾ ਹੈ। ਅਰਸਤੂ ਮੰਨਦਾ ਹੈ ਕਿ ਮਨੁੱਖ ਇਕ ਰਾਜਨੀਤਕ ਪ੍ਰਾਣੀ ਹੈ ਅਤੇ ਭੌਤਿਕ ਅਤੇ ਨੈਤਿਕ ਲੋੜਾਂ ਲਈ ਇਹ ਇਸਤਰੀ, ਪੁਰਸ਼, ਦਾਸ ਅਤੇ ਸੁਆਮੀ ਆਦਿ ਰੂਪਾਂ ਵਿਚ ਇਕ ਦੂਜੇ ਵਲ ਖਿਚਿਆ ਜਾਂਦਾ ਹੈ। ਇਸੇ ਭਾਵਨਾ ਤੋਂ ਪਰਿਵਾਰ ਦਾ ਜਨਮ ਹੁੰਦਾ ਹੈ ਅਤੇ ਪਰਿਵਾਰਾਂ ਦੇ ਇਕੱਠ ਹੀ ਪਿੰਡ ਅਤੇ ਪਿੰਡਾਂ ਦੇ ਸਮੂਹ ਰਾਜ ਦਾ ਨਿਰਮਾਣ ਕਰਦੇ ਹਨ। ਇਸ ਤਰ੍ਹਾਂ ਰਾਜ ਵਿਅਕਤੀਆਂ ਦੀ ਸੁਭਾਵਿਕ ਸੰਗਠਿਤ ਸੰਸਥਾ ਹੈ ਜਿਹੜੀ ਕਿ ਕਾਫ਼ੀ ਵਿਕਾਸ ਤੋਂ ਬਾਅਦ ਹੋਂਦ ਵਿਚ ਆਉਂਦੀ ਹੈ। ਅਰਸਤੂ ਦੇ ਅਨੁਸਾਰ ਰਾਜ ਕਿਸੇ ਸਮਾਜਿਕ ਸਮਝੌਤੇ ਦਾ ਪਰਿਣਾਮ ਨਹੀਂ ਹੈ ਅਰਥਾਤ ਇਹ ਕੋਈ ਬਨਾਵਟੀ ਇਕੱਠ ਨਹੀਂ ਕਿਹਾ ਜਾ ਸਕਦਾ ਬਲਕਿ ਇਹ ਕਿਹਾ ਜਾ ਸਕਦਾ ਹੈ ਕਿ ਰਾਜ ਮਨੁੱਖ ਲਈ ਇੰਨਾ ਸੁਭਾਵਿਕ ਹੈ ਕਿ ਮਨੁੱਖ ਰਾਜ ਤੋਂ ਬਿਨਾਂ ਜੀਵਿਤ ਨਹੀਂ ਰਹਿ ਸਕਦਾ।

ਅਰਸਤੂ ਦੇ ਅਨੁਸਾਰ ਜਿਹੜਾ ਮਨੁੱਖ ਰਾਜ ਤੋਂ ਬਾਹਰ ਰਹਿੰਦਾ ਹੈ ਉਹ ਜਾਂ ਤਾਂ ਪਸ਼ੂ ਹੈ ਤੇ ਜਾਂ ਦੇਵਤਾ। ਰਾਜ ਦੀ ਸੁਭਾਵਿਕਤਾ ਦੇ ਪ੍ਰਸੰਗ ਵਿਚ ਅਨੇਕਾਂ ਤਰਕ ਦਿੱਤੇ ਜਾ ਸਕਦੇ ਹਨ।

1. ਜਿਨ੍ਹਾਂ ਸੰਸਥਾਵਾਂ ਉਤੇ ਰਾਜ ਉਸਰਦਾ ਹੈ ਉਹ ਸਾਰੀਆਂ ਸੰਸਥਾਵਾਂ ਸੁਭਾਵਿਕ ਹਨ, ਇਸ ਲਈ ਇਨ੍ਹਾਂ ਸੰਸਥਾਵਾਂ ਦਾ ਵਿਕਸਿਤ ਰੂਪ ਵੀ ਸੁਭਾਵਿਕ ਹੀ ਹੋਵੇਗਾ।

2. ਰਾਜ ਦਾ ਜਨਮ ਮਨੁੱਖ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੁੰਦਾ ਹੈ। ਪਰਿਵਾਰ ਅਤੇ ਪਿੰਡ ਸਾਰੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ। ਰਾਜ ਸਾਰੇ ਇਕੱਠਾਂ ਦਾ ਸਿਖਰ ਹੈ।

3. ਮਨੁੱਖ ਸੁਭਾਅ ਤੋਂ ਹੀ ਵਿਕਾਸਵਾਦੀ ਹੈ। ਵਿਕਾਸ ਦਾ ਉਦੇਸ਼ ਰਾਜ ਹੀ ਹੈ ਅਤੇ ਇਸੇ ਉਦੇਸ਼ ਵੱਲ ਵਿਕਾਸ ਦੀ ਸ਼ਕਤੀ ਹਮੇਸ਼ਾ ਲੱਗੀ ਰਹਿੰਦੀ ਹੈ।

4. ਮਨੁੱਖ ਬਿਬੇਕਸ਼ੀਲ ਹੈ। ਖਾਣਾ, ਸੌਣਾ, ਸੰਤਾਨ ਉਤਪਤੀ ਕਰਨਾ ਆਦਿ ਪਸ਼ੂਆਂ ਦੇ ਗੁਣ ਉਸ ਵਿਚ ਵੀ ਹਨ ਪਰੰਤੂ ਬਿਬੇਕ ਦੇ ਕਾਰਨ ਉਹ ਪਸ਼ੂਆਂ ਤੋਂ ਵੱਖਰਾ ਹੈ। ਬਿਬੇਕ ਬੁੱਧ ਦੇ ਕਾਰਨ ਹੀ ਉਹ ਨੈਤਿਕ ਪ੍ਰਾਣੀ ਅਖਵਾਉਂਦਾ ਹੈ। ਨੈਤਿਕ ਗੁਣਾਂ ਦੀ ਪ੍ਰਾਪਤੀ ਅਤੇ ਪੂਰਨ ਰੂਪ ਵਿਚ ਨੈਤਿਕ ਬਣਨ ਦਾ ਅਵਸਰ ਉਸਨੂੰ ਰਾਜ ਦੇ ਅੰਤਰਗਤ ਹੀ ਪ੍ਰਾਪਤ ਹੁੰਦਾ ਹੈ।

5. ਰਾਜ ਵਿਅਕਤੀ ਤੋਂ ਪਹਿਲਾਂ ਹੈ, ਅਰਥਾਤ ਰਾਜ ਅਤੇ ਵਿਅਕਤੀ ਵਿਚ ਤਾਰਕਿਕ ਸੰਬੰਧ ਹੈ, ਇਤਿਹਾਸਕ ਨਹੀਂ। ਤਾਰਕਿਕ ਦ੍ਰਿਸ਼ਟੀ ਤੋਂ ਜਾਤ ਪਹਿਲਾਂ ਹੈ ਤੇ ਵਿਅਕਤੀ ਪਿਛੋਂ। ਸਰੀਰ ਪਹਿਲੇ ਹੈ ਅਤੇ ਅੰਗ ਪਿਛੋਂ। ਜੇਕਰ ਸਰੀਰ ਨੂੰ ਕੱਟ ਦਿੱਤਾ ਜਾਵੇ ਤਾਂ ਅੰਗਾਂ ਦੀ ਹੋਂਦ ਹੀ ਖ਼ਤਮ ਹੋ ਜਾਵੇਗੀ।

ਇਸ ਤਰ੍ਹਾਂ ਅਰਸਤੂ ਰਾਜ ਨੂੰ ਮਨੁੱਖ ਦੀ ਸਰਬਉੱਚ ਤੇ ਅੰਤਮ ਸੰਸਥਾ ਮੰਨਦਾ ਹੈ। ਰਾਜ ਇਕ ਸਮਾਜਿਕ ਸੰਘ ਹੈ, ਜਿਸ ਦਾ ਉਦੇਸ਼ ਵਿਅਕਤੀ ਨੂੰ ਸਦਗੁਣੀ ਬਣਾਉਣਾ ਹੈ। ਸਮਾਜਿਕ ਸ਼ਾਂਤੀ ਅਤੇ ਸੁਰੱਖਿਆ ਦਾ ਭਾਰ ਰਾਜ ਉਤੇ ਹੀ ਹੈ। ਕਿਹਾ ਜਾ ਸਕਦਾ ਹੈ ਕਿ ਰਾਜ ਹੀ ਸਮਾਜ ਦੇ ਵਿਅਕਤੀਆਂ ਨੂੰ ਸਦਗੁਣਾਂ ਵਲ ਅੱਗੇ ਵਧਾਉਂਦਾ ਹੈ।

ਅਰਸਤੂ ਦੇ ਅਨੁਸਾਰ ਸੰਵਿਧਾਨ ਹੀ ਰਾਜ ਨੂੰ ਹੋਂਦ ਵਿਚ ਲਿਆਉਂਦਾ ਹੈ ਅਤੇ ਸ਼ਾਸ਼ਕ ਵਰਗ ਦਾ ਸਰੂਪ ਸੰਵਿਧਾਨ ਦੇ ਸਰੂਪ ਦੇ ਨਾਲ ਹੀ ਨਿਸਚਿਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਰਾਜ ਅਤੇ ਸੰਵਿਧਾਨ ਵਿਚ ਇਕਰੂਪਤਾ ਦਾ ਸੰਬੰਧ ਹੈ। ਅਰਸਤੂ ਦਾ ਇਹ ਦ੍ਰਿਸ਼ਟੀਕੋਣ ਵਰਤਮਾਨ ਸਮੇਂ ਦੇ ਦ੍ਰਿਸ਼ਟੀਕੋਣਾਂ ਤੋਂ ਭਿੰਨ ਹੈ। ਆਧੁਨਿਕ ਦ੍ਰਿਸ਼ਟੀਕੋਣ ਦੇ ਅਨੁਸਾਰ ਰਾਜ ਅਤੇ ਸੰਵਿਧਾਨ ਵਿਚ ਅੰਤਰ ਹੈ। ਸੰਵਿਧਾਨ ਤਾਂ ਰਾਜ ਦਾ ਇਕ ਕਾਨੂੰਨੀ ਆਧਾਰ ਹੈ। ਅਰਸਤੂ ਦੇ ਅਨੁਸਾਰ ਸੰਵਿਧਾਨ ਹੀ ਰਾਜ ਹੈ ਅਤੇ ਇਹੋ ਹੀ ਉਹ ਉਦੇਸ਼ ਹੈ ਜਿਸ ਦੀ ਪ੍ਰਾਪਤੀ ਲਈ ਰਾਜ ਦੇ ਸਾਰੇ ਨਾਗਰਿਕ ਸੰਗਠਿਤ ਹੁੰਦੇ ਹਨ। ਇਸ ਤਰ੍ਹਾਂ ਅਰਸਤੂ ਦੇ ਅਨੁਸਾਰ ਸੰਵਿਧਾਨ ਰਾਜ ਦੇ ਅਹੁਦਿਆਂ ਦੀ ਉਹ ਵਿਵਸਥਾ ਹੈ ਜਿਸ ਤੋਂ ਇਹ ਨਿਸਚਿਤ ਹੁੰਦਾ ਹੈ ਕਿ ਕਿਹੜਾ ਅਹੁਦਾ ਕਿਸ ਨੂੰ ਮਿਲੇ—The constitution is an arrangement of a State determining their distribution, the residence of Sovereignty and the ends of Political associations.

## ਸੰਵਿਧਾਨ ਦਾ ਵਰਗੀਕਰਨ

ਸੰਵਿਧਾਨ ਦਾ ਵਰਗੀਕਰਨ ਕਰਨ ਲਈ ਅਰਸਤੂ ਦੋ ਆਧਾਰ ਮੰਨਦਾ ਹੈ:

1. ਸੰਖਿਆ (Number)
2. ਲਕਸ਼ ਜਾਂ ਉਦੇਸ਼ (Purpose)

ਉਦੇਸ਼ ਦੀ ਦ੍ਰਿਸ਼ਟੀ ਤੋਂ ਸੰਵਿਧਾਨ ਦੇ ਦੋ ਰੂਪ ਹੁੰਦੇ ਹਨ:

(ੳ) ਕੁਦਰਤੀ ਰੂਪ (Normal Form): ਜਿਸ ਰਾਹੀਂ ਸਰਕਾਰ ਲੋਕ-ਭਲਾਈ ਲਈ ਕੰਮ ਕਰਦੀ ਹੈ।

(ਅ) ਬਿਗੜ ਰੂਪ (Perverted Form) : ਜਦੋਂ ਸਰਕਾਰ ਸੰਵਿਧਾਨ ਨੂੰ ਆਧਾਰ ਬਣਾ ਕੇ ਆਪਣਾ ਸੁਆਰਥ ਸਿੱਧ ਕਰਦੀ ਹੈ।



www.punjabilibrary.com

## ਰਾਜਾਂ ਦਾ ਵਰਗੀਕਰਨ

(1) **ਰਾਜਤੰਤਰ** (Monarchy) : ਇਸ ਵਿਚ ਰਾਜ ਦੀ ਸਾਰੀ ਸ਼ਕਤੀ ਇਕ ਵਿਅਕਤੀ ਦੇ ਹੱਥ ਵਿਚ ਹੁੰਦੀ ਹੈ ਅਤੇ ਉਹ ਲੋਕ-ਭਲਾਈ ਦੇ ਕੰਮ ਕਰਦਾ ਹੈ। ਅਰਸਤੂ ਇਸ ਨੂੰ ਸਭ ਤੋਂ ਉੱਤਮ ਕਿਸਮ ਦਾ ਰਾਜ ਮੰਨਦਾ ਹੈ। ਇਹੀ ਸ਼ਾਸਨ 'ਸ਼ੁਭ' ਨੂੰ ਜਾਣਨ ਵਾਲਾ ਹੁੰਦਾ ਹੈ ਅਤੇ 'ਸ਼ੁਭ' ਲਈ ਕੰਮ ਕਰਦਾ ਹੈ। ਇਸ ਦੇ ਉਲਟ ਜੇਕਰ ਸ਼ਾਸਕ ਆਪਣੀ ਵਿਅਕਤੀਗਤ ਸੁਆਰਥ ਸਿੱਧੀ ਵਿਚ ਲੀਨ ਹੋ ਜਾਏ ਤਾਂ ਉਹ ਰਾਜ ਨਿਰੰਕੁਸ਼ ਤੰਤਰ (Tyranny) ਬਣ ਜਾਂਦਾ ਹੈ ਅਤੇ ਉਹ ਸ਼ਾਸਕ 'ਤਾਨਾਸ਼ਾਹ' ਅਖਵਾਉਂਦਾ ਹੈ।

(2) **ਕੁਲੀਨ ਤੰਤਰ** (Aristocracy) : ਇਸ ਵਿਚ ਰਾਜ ਦੀ ਸਰਬਉੱਚ ਸ਼ਕਤੀ ਕੁਝ ਵਿਸ਼ੇਸ਼ ਵਿਅਕਤੀਆਂ ਦੇ ਹੱਥ ਵਿਚ ਹੁੰਦੀ ਹੈ ਅਤੇ ਉਹ ਮਿਲ ਕੇ ਲੋਕ-ਭਲਾਈ ਦੇ ਕੰਮ ਕਰਦੇ ਹਨ। ਅਜਿਹਾ ਰਾਜ ਕੁਲੀਨ-ਤੰਤਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦੇ ਉਲਟ ਜੇਕਰ ਇਹੀ ਕੁਲੀਨ ਵਿਅਕਤੀ ਆਪਣੇ ਸੁਆਰਥ ਸਿੱਧ ਕਰਨ ਵਿਚ ਜੁਟ ਜਾਣ ਤਾਂ ਇਹੀ ਸ਼ਾਸਨ ਧਨੀ-ਤੰਤਰ (Oligarchy) ਬਣ ਜਾਂਦਾ ਹੈ। ਅਰਸਤੂ ਧਨੀ-ਤੰਤਰ ਨੂੰ ਦੂਸ਼ਿਤ-ਤੰਤਰ ਮੰਨਦਾ ਹੈ।

3. **ਸੰਜਮਿਤ ਪ੍ਰਜਾਤੰਤਰ** (Polity) : ਜਦੋਂ ਰਾਜ ਦੀ ਸ਼ਕਤੀ ਅਨੇਕਾਂ ਵਿਅਕਤੀਆਂ ਦੇ ਹੱਥ ਵਿਚ ਹੁੰਦੀ ਹੈ ਅਤੇ ਉਹ ਵਿਅਕਤੀ ਆਮ ਜਨਤਾ ਦੇ ਹਿਤ ਵਿਚ ਕੰਮ ਕਰਦੇ ਹਨ ਤਾਂ ਅਜਿਹੇ ਰਾਜ ਨੂੰ ਸੰਜਮਿਤ ਪ੍ਰਜਾਤੰਤਰ ਕਿਹਾ ਜਾਂਦਾ ਹੈ। ਇਸ ਵਿਚ ਕਿਸੇ ਵਰਗ ਵਿਸ਼ੇਸ਼ ਦਾ ਸ਼ਾਸਨ ਨਹੀਂ ਹੁੰਦਾ ਬਲਕਿ ਸੰਪੂਰਨ ਜਨਤਾ ਦਾ ਆਪਣੇ ਹਿਤ ਵਿਚ ਨਿਜੀ ਕਾਨੂੰਨਾਂ ਰਾਹੀਂ ਸ਼ਾਸਨ ਹੁੰਦਾ ਹੈ। ਇਸ ਲਈ ਇਹ ਨਾ ਕਿਸੇ ਵਰਗ ਵਿਸ਼ੇਸ਼ ਦਾ ਸ਼ਾਸਨ ਹੁੰਦਾ ਹੈ ਅਤੇ ਨਾ ਹੀ ਇਸ ਵਿਚ ਕਿਸੇ ਵਰਗ ਵਿਸ਼ੇਸ਼ ਦਾ ਸ਼ੋਸ਼ਣ ਹੁੰਦਾ ਹੈ। ਇਹ ਧਨੀ-ਪ੍ਰਜਾਤੰਤਰ ਅਤੇ ਭ੍ਰਿਸ਼ਟ ਪ੍ਰਜਾਤੰਤਰ ਦਾ ਮਧਿਅਮ ਮਾਰਗ (golden mean) ਹੈ। ਇਹ ਮੁਖ ਰੂਪ ਵਿਚ ਮਧਿਅਮ ਵਰਗ ਦਾ ਸ਼ਾਸਨ ਹੈ ਅਤੇ ਇਹੀ ਵਿਗੜ ਕੇ ਭ੍ਰਿਸ਼ਟ ਪ੍ਰਜਾਤੰਤਰ (Democracy) ਹੋ ਜਾਂਦਾ ਹੈ। ਭ੍ਰਿਸ਼ਟ ਪ੍ਰਜਾਤੰਤਰ ਦਰਅਸਲ ਭੀੜ ਤੰਤਰ ਹੈ ਜਿਸ ਵਿਚ ਸੁਤੰਤਰਤਾ

ਅਤੇ ਸਮਾਨਤਾ ਦੇ ਆਧਾਰ ਤੇ ਸ਼ਾਸਨ ਨਿਰਧਨਾਂ ਦੇ ਹੱਥ ਵਿਚ ਹੁੰਦਾ ਹੈ। ਅਜਿਹਾ ਕੇਵਲ ਇਸ ਲਈ ਹੈ ਕਿਉਂਕਿ ਨਿਰਧਨਾਂ ਦੀ ਸੰਖਿਆ ਵਧ ਹੁੰਦੀ ਹੈ।

ਅਰਸਤੂ ਉਪਰੋਕਤ ਰਾਜਾਂ ਦੀ ਚਕਰਾਕਾਰ ਗਤੀ ਨੂੰ ਮੰਨਦਾ ਹੈ। ਉਸਦੇ ਅਨੁਸਾਰ ਜਿਵੇਂ ਮੌਸਮ ਬਦਲਦੇ ਹਨ ਉਸੇ ਤਰ੍ਹਾਂ ਰਾਜਾਂ ਵਿਚ ਵੀ ਬਦਲਾਵ ਆਉਂਦਾ ਰਹਿੰਦਾ ਹੈ। ਰਾਜ ਦਾ ਪਹਿਲਾ ਸਰੂਪ ਰਾਜਤੰਤਰ ਹੈ। ਪਰੰਤੂ ਜਦੋਂ ਸ਼ਾਸਕ ਨਿਰੰਕੁਸ਼ ਹੋ ਕੇ ਸਵਾਰਥੀ ਹੋ ਜਾਂਦਾ ਹੈ ਤਾਂ ਰਾਜ ਤਾਨਾਸ਼ਾਹੀ ਵਿਚ ਬਦਲ ਜਾਂਦਾ ਹੈ। ਇਸ ਦੇ ਖ਼ਿਲਾਫ਼ ਕ੍ਰਾਂਤੀ ਹੁੰਦੀ ਹੈ ਅਤੇ ਕੁਝ ਯੋਗ ਵਿਅਕਤੀ ਮਿਲ ਕੇ ਸ਼ਾਸਨ ਵਿਵਸਥਾ ਚਲਾਉਂਦੇ ਹਨ। ਇਹੀ ਕੁਲੀਨ ਤੰਤਰ ਹੁੰਦਾ ਹੈ। ਜਦੋਂ ਕੁਲੀਨ ਤੰਤਰ ਦੂਸ਼ਿਤ ਹੋ ਜਾਂਦਾ ਹੈ ਅਤੇ ਸੁਆਰਥ ਸਿੱਧੀ ਪ੍ਰਬਲ ਹੋ ਜਾਂਦੀ ਹੈ ਤਾਂ ਧਨੀ-ਤੰਤਰ ਸਥਾਪਿਤ ਹੋ ਜਾਂਦਾ ਹੈ। ਜਦੋਂ ਇਹ ਵੀ ਦੂਸ਼ਿਤ ਹੋ ਜਾਂਦਾ ਹੈ ਅਤੇ ਪ੍ਰਜਾ ਹੋਰ ਅਤਿਆਚਾਰ ਸਹਿਣੋਂ ਅਸਮਰਥ ਹੋ ਜਾਂਦੀ ਹੈ ਤਾਂ ਸੰਜਮਿਤ ਪ੍ਰਜਾਤੰਤਰ ਸਥਾਪਿਤ ਹੋ ਜਾਂਦਾ ਹੈ। ਇਸਦਾ ਵੀ ਸਰੂਪ ਜਦੋਂ ਵਿਗੜ ਜਾਂਦਾ ਹੈ ਤਾਂ ਸਮੂਹ ਤੰਤਰ ਜਾਂ ਭੀੜ-ਪ੍ਰਜਾਤੰਤਰ ਸਥਾਪਿਤ ਹੋ ਜਾਂਦਾ ਹੈ। ਜਦੋਂ ਇਹ ਸਮੂਹ ਤੰਤਰ ਨਹੀਂ ਚਲ ਪਾਉਂਦਾ ਅਤੇ ਕਾਨੂੰਨੀ ਹਾਲਤ ਵਿਗੜ ਜਾਂਦੀ ਹੈ ਤਾਂ ਕੋਈ ਇਕ ਵਿਅਕਤੀ ਸ਼ਾਸਨ ਦੀ ਵਾਗਡੋਰ ਆਪਣੇ ਹੱਥ ਵਿਚ ਲੈ ਲੈਂਦਾ ਹੈ ਅਤੇ ਮੁੜ ਰਾਜਤੰਤਰ ਦੀ ਸਥਾਪਨਾ ਹੋ ਜਾਂਦੀ ਹੈ। ਇਸ ਤਰ੍ਹਾਂ ਇਹ ਪਰਿਵਰਤਨ ਚੱਕਰ ਚਲਦਾ ਰਹਿੰਦਾ ਹੈ।

## ਅਰਸਤੂ ਦੇ ਦਾਸ ਪ੍ਰਥਾ (Slavery) ਸੰਬੰਧੀ ਵਿਚਾਰ

'ਪਾਲਿਟਿਕਸ' ਵਿਚ ਅਰਸਤੂ ਨੇ ਦਾਸ ਪ੍ਰਥਾ ਉਤੇ ਵੀ ਕਾਫ਼ੀ ਚਰਚਾ ਕੀਤੀ ਹੈ। ਦਾਸ ਪ੍ਰਥਾ ਤਤਕਾਲੀ ਯੂਨਾਨੀ ਜੀਵਨ ਦਾ ਇਕ ਮਹੱਤਵਪੂਰਨ ਅੰਗ ਸੀ। ਉਨ੍ਹਾਂ ਦਿਨਾਂ ਵਿਚ ਯੂਨਾਨੀ ਸਮਾਜ ਵਿਚ 'ਮਾਲਿਕ' ਅਤੇ 'ਮਜ਼ਦੂਰ' ਦੋ ਵਰਗ ਪ੍ਰਚਲਿਤ ਸਨ। ਮਾਲਿਕ ਜ਼ਮੀਨਾਂ ਦੇ ਮਾਲਿਕ ਹੁੰਦੇ ਸਨ ਅਤੇ 'ਮਜ਼ਦੂਰ' ਗ਼ਰੀਬ ਲੋਕ ਸਨ ਜਿਨ੍ਹਾਂ ਵਿਚ ਬਹੁਤੇ ਜੰਗੀ ਕੈਦੀ ਵੀ ਸ਼ਾਮਲ ਹੁੰਦੇ ਹਨ। ਦਾਸ ਖੇਤਾਂ ਵਿਚ ਮਜ਼ਦੂਰੀ ਕਰ ਕੇ ਰਾਸ਼ਟਰੀ ਸੰਪਤੀ ਨੂੰ ਵਧਾਉਂਦੇ ਸਨ, ਇਸ ਲਈ ਰਾਸ਼ਟਰ ਹਿੱਤ ਲਈ ਮਜ਼ਦੂਰ ਦਾਸਾਂ ਦੀ ਲੋੜ ਮਹੱਤਵਪੂਰਨ

ਸੀ। ਸ਼ਾਇਦ ਇਸੇ ਲਈ ਅਰਸਤੂ ਦਾਸ ਪ੍ਰਥਾ ਦਾ ਹਾਮੀ ਹੈ।

ਅਰਸਤੂ ਦੋ ਤਰ੍ਹਾਂ ਦੀ ਸੰਪਤੀ ਮੰਨਦਾ ਹੈ : ਸਜੀਵ ਅਤੇ ਨਿਰਜੀਵ। ਦਾਸ ਸਜੀਵ ਜਾਇਦਾਦ ਹੈ ਜਦੋਂ ਕਿ ਖੇਤ, ਮਕਾਨ ਆਦਿ ਨਿਰਜੀਵ ਜਾਇਦਾਦ ਹਨ। ਕਿਸੇ ਵੀ ਪਰਿਵਾਰ ਦੀ ਸਫਲਤਾ ਲਈ ਇਨ੍ਹਾਂ ਦੋਵਾਂ ਕਿਸਮਾਂ ਦੀ ਜਾਇਦਾਦ ਮਹੱਤਵਪੂਰਨ ਹੈ। ਅਰਸਤੂ ਦਾਸ ਨੂੰ ਇਕ ਪਰਿਵਾਰਕ ਜਾਇਦਾਦ ਮੰਨਦਾ ਹੈ ਜਿਹੜਾ ਕਿ ਹੋਰ ਕਿਸੇ ਵੀ ਜਾਇਦਾਦ ਨਾਲੋਂ ਵਧ ਮਹੱਤਵਪੂਰਨ ਹੈ। ਨਿਰਜੀਵ ਜਾਇਦਾਦ ਵਿਚ ਸਜੀਵ ਜਾਇਦਾਦ ਦੀ ਮਦਦ ਤੋਂ ਬਿਨਾਂ ਵਾਧਾ ਨਹੀਂ ਹੋ ਸਕਦਾ। ਅਰਸਤੂ ਨੇ 'ਪਾਲਿਟਿਕਸ' ਵਿਚ ਦਾਸ ਪ੍ਰਥਾ ਦੇ ਪੱਖ ਵਿਚ ਕਈ ਤਰਕ ਵੀ ਦਿੱਤੇ ਹਨ :

(1) ਦਾਸ ਪ੍ਰਥਾ ਇਕ ਕੁਦਰਤੀ ਪ੍ਰਬੰਧ ਹੈ—ਅਰਸਤੂ ਦੇ ਅਨੁਸਾਰ ਕੁਦਰਤ ਨੇ ਕੁਝ ਮਨੁੱਖਾਂ ਨੂੰ ਸ਼ਾਸਿਤ ਹੋਣ ਜਾਂ ਆਗਿਆ ਮੰਨਣ ਲਈ ਹੀ ਪੈਦਾ ਕੀਤਾ ਹੈ ਅਤੇ ਕੁਝ ਲੋਕਾਂ ਨੂੰ ਸੁਭਾਵਿਕ ਹੀ ਸੁਤੰਤਰ ਪੈਦਾ ਕੀਤਾ ਹੈ। ਇਹ ਨਾ-ਬਰਾਬਰੀ ਕੁਦਰਤ ਦੀ ਦੇਣ ਹੈ। ਕੁਝ ਵਿਅਕਤੀ ਬੁੱਧੀਹੀਨ, ਅਯੋਗ ਹੀ ਪੈਦਾ ਹੁੰਦੇ ਹਨ ਅਤੇ ਇਹ ਵਿਅਕਤੀ ਹੀ ਦਾਸ ਹਨ। ਇਸ ਲਈ ਦਾਸਤਾ ਕੁਦਰਤੀ ਨਾ-ਬਰਾਬਰੀ ਦੀ ਸੂਚਕ ਹੈ ਅਤੇ ਉਚਿਤ ਹੈ।

(2) ਦਾਸ ਪ੍ਰਥਾ ਮਾਲਿਕ ਅਤੇ ਮਜ਼ਦੂਰ ਦੋਵਾਂ ਲਈ ਹਿਤਕਾਰੀ ਹੈ। ਸੁਆਮੀ ਬੌਧਿਕ ਅਤੇ ਨੈਤਿਕ ਪ੍ਰਾਣੀ ਹੈ ਅਤੇ ਰਾਜ ਦੇ ਵੱਡੇ ਕੰਮਾਂ ਵਿਚ ਰੁਝਿਆ ਰਹਿੰਦਾ ਹੈ। ਉਸ ਲਈ ਆਰਾਮ ਦਾ ਅਵਸਰ ਜ਼ਰੂਰੀ ਹੈ। ਉਹਦੀਆਂ ਆਰਥਿਕ ਲੋੜਾਂ ਨੂੰ ਦਾਸ ਹੀ ਪੂਰਿਆਂ ਕਰਦੇ ਹਨ ਅਤੇ ਦਾਸਾਂ ਦੇ ਕਾਰਨ ਹੀ ਉਸਨੂੰ ਰਾਜਸੀ ਕੰਮ ਕਰਨ ਦੀ ਵਿਹਲ ਮਿਲਦੀ ਹੈ। ਨਾਲ ਹੀ ਨਾਲ ਦਾਸ ਬੁੱਧੀਹੀਨ ਅਤੇ ਅਯੋਗ ਵਿਅਕਤੀ ਵੀ ਹੁੰਦੇ ਹਨ। ਉਨ੍ਹਾਂ ਦਾ ਕਲਿਆਣ ਬਿਬੇਕ-ਪੂਰਨ ਮਾਲਿਕਾਂ ਦੀ ਦੇਖ ਰੇਖ ਵਿਚ ਹੀ ਹੋ ਸਕਦਾ ਹੈ। ਇਹ ਮਾਲਿਕ ਅਤੇ ਮਜ਼ਦੂਰ ਦੋਵੇਂ ਇਕ ਦੂਜੇ ਲਈ ਸਹਾਇਕ ਅਤੇ ਉਪਯੋਗੀ ਹਨ।

ਇਸ ਤਰ੍ਹਾਂ ਅਰਸਤੂ ਦਾਸ ਪ੍ਰਥਾ ਦਾ ਸਮਰਥਨ ਕਰਦਾ ਹੈ। ਪਰੰਤੂ ਉਸਦੀ ਦਾਸ ਪ੍ਰਥਾ ਰੋਮਨਾਂ ਦੀ ਦਾਸ ਪ੍ਰਥਾ ਤੋਂ ਭਿੰਨ ਹੈ। ਰੋਮਨ ਸਾਮਰਾਜ

ਵਿਚ ਦਾਸਾਂ ਨੂੰ ਇਕ ਗਿਰੋਹ ਦੇ ਰੂਪ ਵਿਚ ਆਪਣੇ ਵਿਤੋਂ ਵਧ ਕੰਮ ਕਰਨਾ ਪੈਂਦਾ ਸੀ ਅਤੇ ਨਾਲ ਹੀ ਨਾਲ ਮਾਲਿਕ ਦੀ ਬਦਸਲੂਕੀ ਵੀ ਬਰਦਾਸ਼ਤ ਕਰਨੀ ਪੈਂਦੀ ਸੀ। ਅਰਸਤੂ ਨੈਤਿਕਤਾ ਦੀ ਦ੍ਰਿਸ਼ਟੀ ਤੋਂ ਵੀ ਦਾਸ ਪ੍ਰਥਾ ਦੇ ਹੱਕ ਵਿਚ ਹੈ ਕਿਉਂਕਿ ਉਸ ਅਨੁਸਾਰ ਮਾਲਿਕ ਗੁਣਵਾਨ ਅਤੇ ਦਾਸ ਗੁਣਹੀਨ ਹੁੰਦੇ ਹਨ। ਇਸ ਲਈ ਸੁਆਮੀ ਦਾ ਇਹ ਕਰਤੱਵ ਹੈ ਕਿ ਉਹ ਦਾਸ ਪ੍ਰਤੀ ਸਨੇਹਪੂਰਨ ਅਤੇ ਦਿਆਲੂ ਬਣਿਆ ਰਹੇ। ਏਸੇ ਤਰ੍ਹਾਂ ਦਾਸ ਦਾ ਵੀ ਇਹ ਨੈਤਿਕ ਕਰੱਤਵ ਹੈ ਕਿ ਸੁਆਮੀ ਦੀ ਆਗਿਆ ਦਾ ਪਾਲਨ ਕਰੇ। ਮਾਲਿਕ ਨੂੰ ਚਾਹੀਦਾ ਹੈ ਕਿ ਉਹ ਦਾਸ ਦੇ ਪ੍ਰਤੀ ਸਦਭਾਵ ਰਖੇ ਅਤੇ ਦਾਸ ਨੂੰ ਆਪਣਾ ਸਹਿਯੋਗੀ ਮੰਨੇ। ਇਸ ਲਈ ਅਰਸਤੂ ਦਇਆਹੀਨ ਦਾਸਤਾ ਦਾ ਸਮਰਥਕ ਨਹੀਂ ਹੈ।

ਅਰਸਤੂ ਦੇ ਦਾਸਤਾ ਪ੍ਰਤੀ ਵਿਚਾਰ ਬੜੇ ਹੀ ਵਿਵਾਦ ਦਾ ਵਿਸ਼ਾ ਹਨ। ਕੁਝ ਆਲੋਚਕਾਂ ਦਾ ਕਹਿਣਾ ਹੈ ਕਿ ਦਾਸ ਪ੍ਰਥਾ ਸੁਤੰਤਰਤਾ, ਸਮਾਨਤਾ ਅਤੇ ਮੌਲਿਕ ਅਧਿਕਾਰਾਂ ਦੀ ਵਿਰੋਧੀ ਹੈ। ਇਸ ਲਈ ਇਸ ਨੂੰ ਨਹੀਂ ਮੰਨਿਆ ਜਾ ਸਕਦਾ। ਪਰੰਤੂ ਅਰਸਤੂ ਦਾ ਦ੍ਰਿਸ਼ਟੀਕੋਣ ਵੱਖਰਾ ਹੈ। ਉਹ ਦਾਸ ਪ੍ਰਥਾ ਦਾ ਸਮਰਥਨ, ਜਿਵੇਂ ਕਿ ਉਪਰ ਦਸਿਆ ਗਿਆ ਹੈ, ਮਾਲਿਕ-ਦਾਸ ਦੋਵਾਂ ਦੇ ਹਿੱਤ ਵਿਚ ਕਰਦਾ ਹੈ। ਸਮਾਜਿਕ ਤਰੱਕੀ ਲਈ ਕੰਮ ਦਾ ਬਟਵਾਰਾ ਉਹ ਆਵੱਸ਼ਕ ਮੰਨਦਾ ਹੈ ਅਤੇ ਇਸ ਲਈ ਨੈਤਿਕਤਾ ਦੀ ਵੀ ਗੱਲ ਕਰਦਾ ਹੈ। ਲਗਦਾ ਹੈ ਮਨੁੱਖੀ ਸਮਾਨਤਾ ਵਿਚ ਅਰਸਤੂ ਦਾ ਵਿਸ਼ਵਾਸ ਨਹੀਂ ਹੈ। ਇਸ ਲਈ ਉਹ ਦਾਸ ਅਤੇ ਮਾਲਿਕ ਵਿਚ ਸਰੀਰ ਅਤੇ ਆਤਮਾ ਵਰਗੇ ਸੰਬੰਧ ਦੀ ਗੱਲ ਕਰਦਾ ਹੈ। ਅਚੇਤਨ ਅਤੇ ਚੇਤਨ ਹੋਣ ਕਾਰਨ ਸਰੀਰ ਅਤੇ ਆਤਮਾ ਇਕ ਦੂਜੇ ਤੋਂ ਭਿੰਨ ਹਨ। ਇਸ ਲਈ ਇਸ ਪ੍ਰਥਾ ਦਾ ਆਧਾਰ ਤਰਕਸੰਗਤ ਪ੍ਰਤੀਤ ਨਹੀਂ ਹੁੰਦਾ। ਇੰਨਾ ਹੀ ਨਹੀਂ ਅਰਸਤੂ ਯੂਨਾਨ ਨਿਵਾਸੀਆਂ ਨੂੰ ਯੁੱਧ ਵਿਚ ਬੰਦੀ ਬਣਾ ਲਏ ਜਾਣ ਦੀ ਸੂਰਤ ਵਿਚ ਵੈਧਾਨਿਕ ਰੂਪ ਵਿਚ ਦਾਸ ਮੰਨਣ ਲਈ ਤਿਆਰ ਨਹੀਂ। ਏਥੇ ਇੰਜ ਪ੍ਰਤੀਤ ਹੁੰਦਾ ਹੈ ਕਿ 'ਤਰਕ ਸ਼ਾਸਤਰ' ਨੂੰ ਜਨਮ ਦੇਣ ਵਾਲਾ ਅਰਸਤੂ ਖ਼ੁਦ ਜਿਵੇਂ ਤਰਕ ਦੇ ਮਾਰਗ ਨੂੰ ਮੰਨਣ ਨੂੰ ਤਿਆਰ ਨਹੀਂ।

## ਪੋਇਟਿਕਸ (Poetics)

ਅਰਸਤੂ ਦੀ ਰਚਨਾ 'ਪੋਇਟਿਕਸ' ਨੇ ਦੁਨੀਆਂ ਭਰ ਦੇ ਸਾਹਿਤਕਾਰਾਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਦੁਖਾਂਤ ਨਾਟਕ (Tragedy), ਸੁਖਾਂਤ ਨਾਟਕ (Comedy), ਕਥਾਨਕ (Plot) ਆਦਿ ਬਾਰੇ ਵਰਤਮਾਨ ਕਾਲ ਤਕ ਨਿਰਧਾਰਿਤ ਕੀਤੇ ਜਾਣ ਵਾਲੇ ਲਗਪਗ ਸਾਰੇ ਮਾਨਦੰਡ ਕਿਸੇ ਨਾ ਕਿਸੇ ਰੂਪ ਵਿਚ ਅਰਸਤੂ ਦੀ 'ਪੋਇਟਿਕਸ' ਤੋਂ ਪ੍ਰਭਾਵਿਤ ਰਹੇ ਹਨ। ਲਲਿਤ ਕਲਾ ਬਾਰੇ ਅਰਸਤੂ ਦੀ ਕੋਈ ਵੱਖਰੀ ਰਚਨਾ ਨਹੀਂ ਮਿਲਦੀ ਅਤੇ ਅਜਿਹਾ ਵੀ ਨਹੀਂ ਮਿਲਦਾ ਜਿਸ ਰਾਹੀਂ ਇਹ ਪਤਾ ਲਗਦਾ ਹੋਵੇ ਕਿ ਇਕ ਕਲਾ ਦਾ ਦੂਜੀ ਨਾਲ ਕੀ ਸੰਬੰਧ ਹੈ ਪਰ ਲਲਿਤ ਕਲਾ ਅਤੇ ਉਪਯੋਗੀ ਕਲਾ ਵਿਚ ਕੀ ਭੇਦ ਹੈ ਅਜਿਹਾ ਪਹਿਲੀ ਵਾਰ ਅਰਸਤੂ ਨੇ ਦਸਿਆ ਹੈ। ਮੂਲ ਲੈਟਿਨ ਭਾਸ਼ਾ ਵਿਚ ਆਮ ਪੁਸਤਕ ਦੇ ਆਕਾਰ ਦੇ 52 ਕੁ ਪੰਨਿਆਂ ਉਤੇ 'ਪੋਇਟਿਕਸ' ਰਚਨਾ ਅੰਕਿਤ ਕੀਤੀ ਜਾ ਸਕਦੀ ਹੈ। ਇਹ ਰਚਨਾ ਕੋਈ ਬਿਉਰੇਵਾਰ ਵਿਆਖਿਆ-ਪਰਕ ਕੰਮ ਨਾ ਹੋ ਕੇ ਦਰਅਸਲ ਅਰਸਤੂ ਦੇ ਅਧੂਰੇ ਨੋਟਸ ਹਨ ਜਿਨ੍ਹਾਂ ਨੂੰ 26 ਅਧਿਆਵਾਂ ਵਿਚ ਵੰਡਿਆ ਹੋਇਆ ਹੈ। ਗ੍ਰੀਕ ਭਾਸ਼ਾ ਤੋਂ ਅੰਗਰੇਜ਼ੀ ਵਿਚ ਇਸ ਰਚਨਾ ਦਾ ਸਭ ਤੋਂ ਵਧੀਆ ਅਨੁਵਾਦ ਐਸ.ਐਚ. ਬੂਚਰ (S.H. Butcher) ਦੁਆਰਾ ਕੀਤਾ ਗਿਆ ਹੈ ਜਿਹੜਾ ਪਹਿਲੀ ਵਾਰ 1895 ਈ. ਵਿਚ ਪ੍ਰਕਾਸ਼ਿਤ ਹੋਇਆ ਸੀ। ਬੂਚਰ ਅਨੁਸਾਰ 'ਪੋਇਟਿਕਸ' ਦੇ 26 ਅਧਿਆਵਾਂ ਵਿਚਲੀ ਵਿਸ਼ਾ-ਵਸਤੂ ਦਾ ਵੇਰਵਾ ਇਸ ਪ੍ਰਕਾਰ ਹੈ :

1. ਕਾਵਿ, ਸੰਗੀਤ, ਨ੍ਰਿਤ, ਚਿੱਤ੍ਰਕਲਾ ਅਤੇ ਮੂਰਤੀ ਕਲਾ ਆਦਿ ਕਲਾਵਾਂ ਦਾ ਸਰਬਵਿਆਪਕ ਸਿਧਾਂਤ 'ਅਨੁਕਰਣ' (Imitation Mimesis)
2. ਅਨੁਕਰਣ ਕਿਸ ਦਾ ਹੋਵੇ
3. ਅਨੁਕਰਣ ਦਾ ਢੰਗ ਤਰੀਕਾ
4. ਕਵਿਤਾ ਦਾ ਉਦਭਵ ਅਤੇ ਵਿਕਾਸ
5. ਬੇਤੁਕੇ (Ludicreus) ਦੀ ਪਰਿਭਾਸ਼ਾ ਅਤੇ ਸੁਖਾਂਤ ਨਾਟਕ


www.punjabilibrary.com

(Comedy) ਦੀ ਸੰਖੇਪ ਰੂਪ ਰੇਖਾ

6. ਦੁਖਾਂਤ ਨਾਟਕ (Tragedy) ਦੀ ਪਰਿਭਾਸ਼ਾ, ਉਸਦੇ ਛੇ ਤੱਤ (ਤਿੰਨ ਬਾਹਰੀ ਅਤੇ ਤਿੰਨ ਅੰਦਰੂਨੀ)
7. ਕਥਾਨਕ (Plot) ਦੀ ਸੰਪੂਰਨਤਾ ਅਤੇ ਵਿਸ਼ਾਲਤਾ
8. ਕਥਾਨਕ ਦੀ ਇਕਮੁਠਤਾ (Unity)
9. ਕਥਾਨਕ ਵਿਚਲੀ ਨਾਟਕੀ ਇਕਮੁਠਤਾ ਵਾਸਤੇ ਕਾਵਿਕ ਸੱਚ ਅਤੇ ਇਤਿਹਾਸਕ ਸੱਚ ਵਿਚਲੇ ਭੇਦ ਦੀ ਪਛਾਣ
10. ਸਾਧਾਰਨ ਅਤੇ ਗੁੰਝਲਦਾਰ (Complex) ਕਥਾਨਕਾਂ ਦੀ ਪਰਿਭਾਸ਼ਾ
11. (ਕਥਾਨਕ) ਦੁਖਾਂਤਕ ਘਟਨਾਵਾਂ, ਘਟਨਾ ਕ੍ਰਮ ਵਿਚਲੇ ਮੋੜ ਅਤੇ ਉਨ੍ਹਾਂ ਦੀ ਪਛਾਣ ਦੀ ਪਰਿਭਾਸ਼ਾ ਅਤੇ ਵਿਆਖਿਆ
12. ਦੁਖਾਂਤ ਨਾਟਕ ਦੇ ਸੰਖਿਆਤਮਕ ਭਾਗਾਂ ਦੀ ਪਰਿਭਾਸ਼ਾ—ਮੰਗਲਾਚਰਣ ਅਤੇ ਉਪਸੰਹਾਰ ਆਦਿ
13. (ਕਥਾਨਕ) ਦੁਖਾਂਤਕ ਕਿਰਿਆ ਕੀ ਹੁੰਦੀ ਹੈ
14. (ਕਥਾਨਕ) ਦਇਆ (ਕਰੁਣਾ) ਅਤੇ ਭੈ ਕਥਾਨਕ ਵਿਚੋਂ ਹੀ ਉਪਜਣੇ ਚਾਹੀਦੇ ਹਨ
15. ਦੁਖਾਂਤ ਨਾਟਕ ਵਿਚ ਚਰਿੱਤਰ ਤੱਤ
16. (ਕਥਾਨਕ) ਪਛਾਣ : ਉਦਾਹਰਣਾਂ ਸਮੇਤ ਇਸਦੇ ਪ੍ਰਕਾਰ
17. ਦੁਖਾਂਤ ਨਾਟਕ ਦੇ ਕਵੀ ਲਈ ਵਿਹਾਰਕ ਨਿਯਮ
18. ਦੁਖਾਂਤ ਕਵੀ ਲਈ ਹੋਰ ਨਿਯਮ
19. ਦੁਖਾਂਤ ਨਾਟਕ ਵਿਚ ਵਿਚਾਰ ਜਾਂ ਬੌਧਿਕ ਤੱਤ ਅਤੇ ਭਾਸ਼ਾ
20. ਸ਼ਬਦ ਚੋਣ ਜਾਂ ਆਮ ਤੌਰ ਤੇ ਭਾਸ਼ਾ ਤੱਤ
21. ਕਾਵਿ-ਭਾਸ਼ਾ
22. ਕਾਵਿ-ਭਾਸ਼ਾ—ਉਚਾਰਨ ਦੇ ਤਰੀਕੇ ਅਤੇ ਸ਼ਬਦ
23. ਮਹਾਂਕਾਵਿ ਦੀ ਦੁਖਾਂਤ ਨਾਟਕ ਅਤੇ ਇਤਿਹਾਸ ਨਾਲ ਤੁਲਨਾ
24. (ਮਹਾਂਕਾਵਿ) ਦੁਖਾਂਤ ਨਾਟਕ ਨਾਲ ਮੇਲ ਖਾਂਦੇ ਹੋਰ ਤੱਥ
25. ਕਾਵਿ ਦੇ ਖ਼ਿਲਾਫ਼ ਲਾਏ ਗਏ ਆਲੋਚਨਾਤਮਕ ਆਰੋਪ ਅਤੇ ਉਨ੍ਹਾਂ ਦੇ ਖੰਡਨ ਦੇ ਸਿਧਾਂਤ

26. ਮਹਾਂਕਾਵਿ ਅਤੇ ਦੁਖਾਂਤ ਨਾਟਕ ਦਾ ਤੁਲਨਾਤਮਕ ਆਮ ਲੇਖਾ-ਜੋਖਾ।

ਅਰਸਤੂ ਤੋਂ ਪਹਿਲਾਂ ਪਲੈਟੋ ਕਾਵਿ ਦੇ ਸਤਿ-ਅਸਤਿ ਬਾਰੇ ਵਿਚਾਰ ਕਰਦਾ ਹੋਇਆ ਹੋਮਰ ਵਰਗੇ ਪ੍ਰਾਚੀਨ ਕਵੀਆਂ ਨੂੰ ਵੀ ਦੂਜੇ ਤੀਜੇ ਦਰਜੇ ਦੇ ਵਿਅਕਤੀ ਕਹਿ ਚੁਕਾ ਸੀ। ਪਲੈਟੋ ਦਾ ਕਾਵਿ ਪ੍ਰਤੀ ਸਭ ਤੋਂ ਵੱਡਾ ਆਰੋਪ ਇਹ ਸੀ ਕਿ ਕਾਵਿ ਸੱਚਾਈ ਤੋਂ ਕਾਫ਼ੀ ਦੂਰ ਹੁੰਦਾ ਹੈ। ਪਲੈਟੋ ਦਰਅਸਲ ਵਿਗਿਆਨਾਂ (Ideas) ਨੂੰ ਹੀ ਸੱਚ ਮੰਨਦਾ ਸੀ ਅਤੇ ਸਾਰੀ ਸ੍ਰਿਸ਼ਟੀ ਨੂੰ ਉਨ੍ਹਾਂ ਵਿਗਿਆਨਾਂ ਦੀ ਨਕਲ ਮੰਨਦਾ ਸੀ। ਹੁਣ ਜਦੋਂ ਕਵੀ ਆਪਣੇ ਕਾਵਿ ਵਿਚ ਸ੍ਰਿਸ਼ਟੀ ਦੇ ਵਿਭਿੰਨ ਤੱਤਾਂ ਜਾਂ ਕਾਰ-ਵਿਹਾਰਾਂ ਬਾਰੇ ਲਿਖ ਰਿਹਾ ਹੈ ਤਾਂ ਪਲੈਟੋ ਅਨੁਸਾਰ ਉਹ ਨਕਲ ਦੀ ਵੀ ਨਕਲ ਕਰ ਰਿਹਾ ਹੋਣ ਕਰਕੇ ਸੱਚ ਤੋਂ ਤਿੰਨ ਅਵਸਥਾਵਾਂ ਹੇਠਲੀ ਪੱਧਰ ਤੇ ਹੈ। ਇਸ ਲਈ ਕਾਵਿ ਦਾ ਸੱਚ ਪਲੈਟੋ ਅਨੁਸਾਰ ਕੋਈ ਸੱਚ ਹੀ ਨਹੀਂ ਹੈ ਅਤੇ ਕਵੀ ਘਟੀਆ ਪੱਧਰ ਦਾ ਵਿਅਕਤੀ ਹੈ। ਅਰਸਤੂ ਨੇ ਬੜੀ ਗਹਿਰਾਈ ਨਾਲ ਆਪਣੀ ਰਚਨਾ 'ਪੋਇਟਿਕਸ' ਵਿਚ ਇਸ ਮੁੱਦੇ ਉਤੇ ਵਿਚਾਰ ਕੀਤਾ ਹੈ ਅਤੇ ਵਸਤੂ ਜਗਤ ਅਰਥਾਤ ਭੌਤਿਕ ਜਗਤ ਦੇ ਸੱਚ ਅਤੇ ਕਾਵਿ ਜਗਤ ਦੇ ਸੱਚ ਦੇ ਅੰਤਰ ਨੂੰ ਦਸਦਿਆਂ ਹੋਇਆਂ ਆਪਣੇ ਗੁਰੂ ਪਲੈਟੋ ਦੁਆਰਾ ਫੈਲਾਏ ਹੋਏ ਭਰਮ ਦਾ ਨਿਵਾਰਣ ਕੀਤਾ ਹੈ। 'ਪੋਇਟਿਕਸ' ਵਿਚ ਅਰਸਤੂ ਲਿਖਦਾ ਹੈ ਕਿ ਕਵੀ ਦਾ ਕੰਮ ਕੇਵਲ ਜੋ ਕੁਝ ਹੋ ਚੁਕਿਆ ਹੈ ਉਸ ਬਾਰੇ ਲਿਖਣਾ ਹੀ ਨਹੀਂ ਹੈ ਬਲਕਿ ਜੋ ਕੁਝ ਹੋ ਸਕਦਾ ਹੈ, ਜਿਹੜਾ ਕੁਝ ਵੀ ਸੰਭਾਵਨਾ ਦੇ ਨਿਯਮ ਦੇ ਅਧੀਨ ਹੋ ਸਕਦਾ ਹੈ ਉਸਦਾ ਵਰਣਨ ਕਰਨਾ ਹੈ। ਕਵੀ ਅਤੇ ਇਤਿਹਾਸਕਾਰ ਵਿਚ ਮੂਲ ਰੂਪ ਵਿਚ ਫ਼ਰਕ ਹੀ ਇਹ ਹੈ ਕਿ ਇਤਿਹਾਸਕਾਰ ਇਹ ਵਰਣਨ ਕਰਦਾ ਹੈ ਕਿ ਕੀ ਹੋ ਚੁਕਾ ਹੈ ਜਦ ਕਿ ਕਵੀ ਇਹ ਦਸਦਾ ਹੈ ਕਿ ਕੀ ਹੋ ਸਕਦਾ ਹੈ। ਫਲਸਰੂਪ ਕਾਵਿ ਵਿਚ ਫਲਸਫਾ ਵਧ ਹੁੰਦਾ ਹੈ ਅਤੇ ਉਸਦਾ ਸਰੂਪ ਇਤਿਹਾਸ ਨਾਲੋਂ ਬਿਹਤਰ ਹੁੰਦਾ ਹੈ। ਇਸ ਲਈ ਕਵੀ ਨਾ ਤਾਂ ਘਟੀਆ ਹੁੰਦਾ ਹੈ ਅਤੇ ਨਾ ਹੀ ਉਸਦੀ ਰਚਨਾ ਨਕਲ ਦੀ ਨਕਲ ਹੁੰਦੀ ਹੈ। ਕਾਵਿ ਵਿਚ ਨੀਰਸ ਤੱਥਾਂ ਦੀ ਬਜਾਇ ਕਿਤੇ ਵਧ ਉੱਚਾ ਸੱਚ ਹੁੰਦਾ ਹੈ ਜਿਹੜਾ ਪਰੰਪਰਾਗਤ ਮਨੁੱਖੀ ਵਿਸ਼ਵਾਸਾਂ ਅਤੇ ਮਨੁੱਖੀ ਸੰਕਲਪਾਂ ਦਾ ਪ੍ਰਗਟਾਵਾ ਕਰਦਾ ਹੈ।

## ਅਨੁਕਰਣ (Mimesis, Imitation)

ਕਾਵਿ ਦੇ ਮੂਲ ਤੱਤ ਦਾ ਜ਼ਿਕਰ ਕਰਦਾ ਹੋਇਆ ਅਰਸਤੂ ਅਨੁਕਰਣ ਸਿਧਾਂਤ ਦੀ ਸਥਾਪਨਾ ਕਰਦਾ ਹੈ। ਅਨੁਕਰਣ (ਨਕਲ) ਗ੍ਰੀਕ ਸ਼ਬਦ ਮਾਈਮੇਸਿਸ (Mimesis) ਦੇ ਅੰਗਰੇਜ਼ੀ ਪਰਿਆਇ 'ਇਮੀਟੇਸ਼ਨ' (Imitation) ਦੀ ਤਰ੍ਹਾਂ ਹੀ ਇਕ ਹਿੰਦੀ ਪਰਿਆਇ ਹੈ। ਅਰਸਤੂ ਦੁਆਰਾ ਵਰਤੇ ਸ਼ਬਦ Mimesis (ਅਨੁਕਰਣ) ਦੀ ਵਿਆਖਿਆ ਕਰਦਾ ਹੋਇਆ ਪ੍ਰੋਫ਼ੈਸਰ ਬੂਚਰ ਕਹਿੰਦਾ ਹੈ ਕਿ ਕਲਾ ਕਿਰਤ ਮੂਲ ਵਸਤੂ ਦਾ ਪੁਨਰ ਉਤਪਾਦਨ ਕਰਦੀ ਹੈ ਅਤੇ ਜਿਹੋ ਜਿਹੀ ਉਹ ਹੁੰਦੀ ਹੈ ਉਹੋ ਜਿਹੀ ਨਹੀਂ ਬਲਕਿ ਜਿਹੀ ਉਹ ਇੰਦ੍ਰੀਆਂ ਨੂੰ ਪ੍ਰਤੀਤ ਹੋ ਸਕਦੀ ਹੈ ਉਹੋ ਜਿਹਾ ਰੂਪ ਪ੍ਰਸਤੁਤ ਕਰਦੀ ਹੈ। ਕਲਾ ਦੀ ਸੰਵੇਦਨਾ ਤੱਤ ਗ੍ਰਾਹੀ ਬੁੱਧੀ ਦੇ ਪ੍ਰਤੀ ਨਹੀਂ ਬਲਕਿ ਵਿਅਕਤੀ ਦੀ ਭਾਵੁਕਤਾ ਅਤੇ ਮਨ ਦੀ ਮੂਰਤੀ ਸਿਰਜਕ ਸ਼ਕਤੀ ਦੇ ਪ੍ਰਤੀ ਹੁੰਦੀ ਹੈ। ਜੇਮਸ ਸਕਾਟ ਅਨੁਕਰਣ ਨੂੰ ਜੀਵਨ ਦੇ ਕਲਪਨਾ ਪੂਰਨ ਪੁਨਰ ਨਿਰਮਾਣ ਦਾ ਪਰਿਆਇ ਮੰਨਦਾ ਹੈ ਅਤੇ ਐਟਕਿਸ ਅਨੁਕਰਣ ਨੂੰ 'ਸਿਰਜਨਾਤਮਕ ਦਰਸ਼ਨ ਦੀ ਕਿਰਿਆ' ਅਥਵਾ 'ਪੁਨਰ ਸਿਰਜਨ' ਦਾ ਹੀ ਦੂਜਾ ਨਾਂ ਮੰਨਦਾ ਹੈ। ਅਰਸਤੂ ਕਾਵਿ ਕਲਾ ਨੂੰ ਸੁਹਜਵਾਦੀ ਦ੍ਰਿਸ਼ਟੀ ਨਾਲ ਵੇਖਦਾ ਹੈ ਅਤੇ ਕਲਾ ਨੂੰ ਪ੍ਰਕਿਤੀ ਦੀ ਅਨੁਕ੍ਰਿਤੀ ਮੰਨਦਾ ਹੈ। ਉਸਦੇ ਲਫ਼ਜ਼ਾਂ ਵਿਚ 'Art imitates nature'। ਪਰੰਤੂ ਨਾਲ ਹੀ ਨਾਲ ਅਰਸਤੂ ਅਨੁਕਰਣ ਦਾ ਅਰਥ ਕੇਵਲ ਕੋਰੀ ਨਕਲ ਹੀ ਨਹੀਂ ਮੰਨਦਾ। ਉਸਦੇ ਅਨੁਸਾਰ ਅਨੁਕਰਣ ਕਿਰਿਆ ਵਿਚ ਕੁਦਰਤ ਦੇ ਅਨੇਕਾਂ ਦੋਸ਼ ਜਾਂ ਕਮੀਆਂ ਵੀ ਕਲਾ ਦੁਆਰਾ ਪੂਰੀਆਂ ਕੀਤੀਆਂ ਜਾਂਦੀਆਂ ਹਨ—"Generally, art partly completes what nature cannot bring to a finish and partly imitates her." ਐਬਰਕਰੋਂਬੇ ਅਰਸਤੂ ਦੇ ਤਰਕ ਦੀ ਵਿਆਖਿਆ ਕਰਦੇ ਹੋਏ ਕਹਿੰਦਾ ਹੈ, "ਅਰਸਤੂ ਦਾ ਕਹਿਣਾ ਸੀ ਕਿ ਜੇਕਰ ਕਵਿਤਾ ਪ੍ਰਕ੍ਰਿਤੀ ਦਾ ਕੇਵਲ ਦਰਪਣ ਹੁੰਦੀ ਤਾਂ ਉਹ ਸਾਨੂੰ ਪ੍ਰਕ੍ਰਿਤੀ ਤੋਂ ਵਧ ਕੁਝ ਵੀ ਹੋਰ ਨਹੀਂ ਦੇ ਸਕਦੀ ਸੀ। ਪਰੰਤੂ ਹਕੀਕਤ ਇਹ ਹੈ ਕਿ ਅਸੀਂ ਕਵਿਤਾ ਨੂੰ ਇਸ ਲਈ ਮਾਣਦੇ ਹਾਂ ਕਿ ਉਹ ਸਾਨੂੰ ਉਹ ਕੁਝ ਦਿੰਦੀ ਹੈ ਜੋ ਪ੍ਰਕ੍ਰਿਤੀ ਨਹੀਂ ਦੇ ਸਕਦੀ।"

ਦਰਅਸਲ ਕਲਾਕਾਰ ਆਪਣੀ ਸੰਵੇਦਨਾ ਅਤੇ ਅਨੁਭੂਤੀ ਨਾਲ ਅਪੂਰਨਤਾ ਨੂੰ ਪੂਰਨਤਾ ਪ੍ਰਦਾਨ ਕਰਦਾ ਹੈ ਅਤੇ ਉਸਨੂੰ ਆਦਰਸ਼ ਰੂਪ ਦਿੰਦਾ ਹੈ। ਇਸ ਲਈ ਅਨੁਕਰਣ ਨੂੰ ਕੇਵਲ ਕੋਰੀ ਨਕਲ ਹੀ ਨਹੀਂ ਕਿਹਾ ਜਾ ਸਕਦਾ। ਕਲਾਕਾਰ ਜਾਂ ਕਵੀ ਦਾ ਇਹ ਕਰਤੱਵ ਹੈ ਕਿ ਉਹ ਮੂਲ ਵਸਤੂ ਵਿਚ ਸਥਿਤ ਪ੍ਰਾਕ੍ਰਿਤਿਕ ਸਾਰਥਕਤਾ ਅਤੇ ਸੱਚ ਨੂੰ ਹੀ ਲੋਕਾਂ ਤਕ ਪਹੁੰਚਾਉਣ ਦਾ ਯਤਨ ਨਾ ਕਰੇ ਬਲਕਿ ਆਪਣੇ ਕਲਾ-ਮਾਧਿਅਮ ਦੇ ਹਿਸਾਬ ਨਾਲ ਅਵੱਸ਼ਕ ਅਤੇ ਸੰਭਾਵਿਤ ਨੂੰ ਵੀ ਲੋਕਾਂ ਸਾਹਮਣੇ ਲਿਆਵੇ—"A likely impossibility is always preferable to an unconvincing possibility." ਇਸ ਲਈ ਕਾਵਿ ਵਿਚ ਜਿਸ ਮਨੁੱਖ ਦਾ ਚਿਤਰਣ ਹੁੰਦਾ ਹੈ ਉਹ ਆਮ ਮਨੁੱਖ ਨਾਲੋਂ ਚੰਗਾ ਵੀ ਹੋ ਸਕਦਾ ਹੈ ਅਤੇ ਬੁਰਾ ਵੀ ਹੋ ਸਕਦਾ ਹੈ। ਇਹ ਚਿਤਰਣ ਕਾਵਿ ਵਿਚ ਅਨੰਦ ਦੇ ਦ੍ਰਿਸ਼ਟੀਕੋਣ ਤੋਂ ਕੀਤਾ ਜਾਂਦਾ ਹੈ। ਇਹ ਅਨੰਦ ਸੁਹਿਰਦ ਵਿਅਕਤੀ ਨੂੰ ਮਿਲਣਾ ਚਾਹੀਦਾ ਹੈ, ਪਰ ਸੁਹਿਰਦ ਨੂੰ ਅਨੰਦ ਤਾਂ ਤਦ ਹੀ ਮਿਲ ਸਕਦਾ ਹੈ ਜੇਕਰ ਕਵੀ ਨੂੰ ਵੀ ਇਸ ਦਸ਼ਾ ਦੀ ਪ੍ਰਾਪਤੀ ਹੋ ਚੁਕੀ ਹੋਵੇ। ਇਸ ਤੋਂ ਸਪੱਸ਼ਟ ਹੈ ਕਿ ਅਰਸਤੂ ਦੇ ਅਨੁਕਰਣ ਵਿਚ ਆਤਮ-ਤੱਤ ਨਿਸਚਿਤ ਰੂਪ ਵਿਚ ਵਿਦਮਾਨ ਹੈ ਅਤੇ ਇਹ ਸਿਧਾਂਤ 'ਵਸਤੂ ਕਿਹੋ ਜਿਹੀ ਹੈ' ਨਾ ਦੱਸ ਕੇ 'ਵਸਤੂ ਕਿਹੋ ਜਿਹੀ ਹੋਣੀ ਚਾਹੀਦੀ ਹੈ' ਇਹ ਦੱਸਦਾ ਹੈ।

**ਵਿਰੇਚਨ (Katharsis, Purgation)**

ਅਰਸਤੂ ਨੇ ਵਿਰੇਚਨ-ਸਿਧਾਂਤ ਦਾ ਤ੍ਰਾਸਦੀ (ਦੁਖਾਂਤ ਨਾਟਕ) ਦੇ ਸੰਦਰਭ ਵਿਚ ਜ਼ਿਕਰ ਕੀਤਾ ਹੈ ਪਰੰਤੂ ਨਾ ਤਾਂ ਅਰਸਤੂ ਨੇ 'ਵਿਰੇਚਨ' ਦੀ ਕੋਈ ਪਰਿਭਾਸ਼ਾ ਦਿੱਤੀ ਹੈ ਅਤੇ ਨਾ ਹੀ ਇਸ ਦੀ ਕਿਧਰੇ ਵਿਆਖਿਆ ਕੀਤੀ ਹੈ। ਵਿਰੇਚਨ ਦੀ ਚਰਚਾ ਅਰਸਤੂ ਨੇ ਆਪਣੀ ਰਚਨਾ 'ਪਾਲਿਟਿਕਸ' ਅਤੇ 'ਪੋਇਟਿਕਸ' ਵਿਚ ਕੀਤੀ ਹੈ। ਪਲੈਟੋ ਦੁਆਰਾ ਆਪਣੇ 'ਰਿਪਬਲਿਕ' ਵਿਚ 'ਕਾਵਿ' ਉਤੇ ਦੂਸ਼ਣ ਲਾਉਂਦੇ ਹੋਏ ਪਲੈਟੋ ਕਹਿੰਦਾ ਹੈ—"ਕਾਵਿ ਮਨੁੱਖੀ ਵਾਸਨਾਵਾਂ ਦਾ ਦਮਨ ਕਰਨ ਦੀ ਥਾਂ ਉਨ੍ਹਾਂ ਨੂੰ ਪਲੋਸਦਾ ਹੈ ਅਤੇ ਸਿੰਜਦਾ ਹੈ। ਇਸ ਲਈ ਕਵੀ ਨੂੰ, ਜਿਸਦਾ ਕਿ ਸੱਚ ਦੀ ਦ੍ਰਿਸ਼ਟੀ ਤੋਂ ਕੋਈ ਮੁੱਲ

ਨਹੀਂ ਹੈ, ਦੇਸ਼ ਦੇ ਪ੍ਰਬੰਧ ਨੂੰ ਠੀਕ ਤਰ੍ਹਾਂ ਨਾਲ ਚਲਾਈ ਰਖਣ ਵਾਸਤੇ ਦੇਸ਼ ਨਿਕਾਲਾ ਦੇ ਦੇਣਾ ਚਾਹੀਦਾ ਹੈ, ਕਿਉਂਕਿ ਉਹ ਮਨੁੱਖ ਦੇ ਬਬੇਕੀ ਅੰਸ਼ ਦਾ ਨਾਸ ਕਰਦਾ ਹੈ।" ਅਰਸਤੂ ਪਲੈਟੋ ਦੇ ਇਸ ਬਿਆਨ ਨੂੰ ਉਚਿਤ ਨਹੀਂ ਮੰਨਦਾ। ਅਰਸਤੂ ਇਹ ਤਾਂ ਮੰਨਦਾ ਹੈ ਕਿ ਕਾਵਿ ਮਨੁੱਖੀ ਵਾਸਨਾਵਾਂ ਦਾ ਦਮਨ ਨਾ ਕਰਕੇ ਉਨ੍ਹਾਂ ਦਾ ਪੋਸ਼ਣ ਹੀ ਕਰਦਾ ਹੈ ਪਰੰਤੂ ਉਹ ਇਹ ਨਹੀਂ ਮੰਨਦਾ ਕਿ ਕਾਵਿ ਅਨੈਤਿਕ ਭਾਵਨਾਵਾਂ ਨੂੰ ਉਭਾਰਦਾ ਹੈ। ਤ੍ਰਾਸਦੀ (Tragedy) ਦੇ ਕਾਰਜਾਂ ਦਾ ਵਿਵੇਚਨ ਕਰਦਾ ਹੋਇਆ ਅਰਸਤੂ 'ਪੋਇਟਿਕਸ' ਵਿਚ ਕਹਿੰਦਾ ਹੈ :

> "Tragedy, then, is an imitation of an action that is serious, complete, and of a certain magnitude; in language embellished with each kind of artistic ornament, the several kinds being found in separate parts of the play; in the form of action, not of narrative; through pity and fear effecting the proper Katharsis, or purgation, of these emotions"— ਅਰਥਾਤ ਤ੍ਰਾਸਦੀ (ਦੁਖਾਂਤ ਨਾਟਕ) ਇਕ ਅਜਿਹੀ ਕਾਰਵਾਈ (ਕਾਰਜ) ਦਾ ਅਨੁਕਰਣ ਹੈ ਜਿਹੜੀ ਗੰਭੀਰ ਹੈ, ਸੁਤੇ ਪੂਰਨ ਹੈ ਅਤੇ ਜਿਸਦਾ ਇਕ ਨਿਸਚਿਤ ਪਰਿਪੇਖ ਹੈ। ਇਹ ਅਨੁਕਰਣ ਇਕ ਅਜਿਹੀ ਭਾਸ਼ਾ ਵਿਚ ਹੁੰਦਾ ਹੈ ਜਿਹੜੀ ਕਲਾਤਮਕ ਅਲੰਕਾਰਾਂ ਦੀ ਹਰ ਕਿਸਮ ਨਾਲ ਭਲੀ ਭਾਂਤ ਸਜਾਈ ਹੁੰਦੀ ਹੈ। ਕਲਾਤਮਕ ਅਲੰਕਾਰਾਂ ਦੇ ਵਿਵਿਧ ਪ੍ਰਕਾਰ ਨਾਟਕ ਦੇ ਵਖਰੇ ਵਖਰੇ ਹਿੱਸਿਆਂ ਵਿਚ ਵੇਖੇ ਜਾਂਦੇ ਹਨ। ਇਹ ਅਨੁਕਰਣ ਕਾਰਵਾਈ (action) ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ਨਾ ਕਿ ਵਰਣਨਾਤਮਕ ਰੂਪ ਵਿਚ। ਇਹ ਅਨੁਕਰਣ ਕਰੁਣਾ ਅਤੇ ਭੈ ਦੇ ਸੰਚਾਰ ਨਾਲ ਮਨੋਭਾਵਾਂ ਨੂੰ ਉਤੇਜਿਤ ਕਰ ਕੇ ਉਨ੍ਹਾਂ ਦਾ ਉਚਿਤ ਵਿਰੇਚਨ ਜਾਂ ਸੁੱਧੀਕਰਣ ਕਰਦਾ ਹੈ।"

ਅਰਸਤੂ ਦਾ ਵਿਰੇਚਨ ਸਿਧਾਂਤ ਮੂਲ ਰੂਪ ਵਿਚ ਮਨੁੱਖੀ ਭਾਵਨਾਵਾਂ



www.punjabilibrary.com

ਨਾਲ ਸੰਬੰਧਿਤ ਹੈ। ਇਸ ਦੀ ਵਿਆਖਿਆ ਹਰ ਵਿਦਵਾਨ ਨੇ ਆਪਣੇ ਆਪਣੇ ਢੰਗ ਨਾਲ ਕੀਤੀ ਹੈ। ਅਰਸਤੂ ਦੁਆਰਾ ਵਰਤਿਆ ਗਿਆ Katharsis (ਕਥਾਰਸਿਸ) ਸ਼ਬਦ ਮੂਲ ਰੂਪ ਵਿਚ ਚਿਕਿਤਸਾ ਸ਼ਾਸਤਰ ਨਾਲ ਸੰਬੰਧਿਤ ਹੈ, ਜਿਸਦਾ ਅਰਥ ਹੈ ਕਿਸੇ ਰੇਚਕ ਦਵਾਈ ਨਾਲ ਸਰੀਰ ਵਿਚਲੇ ਅਸ਼ੁੱਧ ਅਤੇ ਹਾਨੀਕਾਰਕ ਪਦਾਰਥ ਨੂੰ ਬਾਹਰ ਕੱਢ ਕੇ ਸਰੀਰਕ ਤੰਤਰ ਨੂੰ ਸ਼ੁੱਧ ਅਤੇ ਸਿਹਤਮੰਦ ਕਰਨਾ। ਅਰਸਤੂ ਖ਼ੁਦ ਵੀ ਇਕ ਵੈਦ ਸੀ ਅਤੇ ਵੈਦਕੀ ਦੇ ਇਸ ਸ਼ਬਦ ਨੂੰ ਉਸ ਨੇ ਕਾਵਿ ਸ਼ਾਸਤਰ ਵਿਚ ਮਨ ਵਿਚਲੀਆਂ ਗੰਢਾਂ ਨੂੰ ਖੋਲ੍ਹਣ ਦੇ ਸੰਦਰਭ ਵਿਚ ਕੀਤਾ ਹੈ। ਦਰਅਸਲ ਕਰੁਣਾ ਅਤੇ ਭੈ ਦੋ ਅਜਿਹੀਆਂ ਬਿਰਤੀਆਂ ਹਨ ਜਿਹੜੀਆਂ ਤ੍ਰਾਸਦੀ ਨੂੰ ਵੇਖਣ ਉਪਰੰਤ ਦਰਸ਼ਕ ਦੇ ਮਨ ਵਿਚ ਉਭਰਦੀਆਂ ਹਨ। ਚੰਗੇ ਵਿਅਕਤੀ ਨੂੰ ਤ੍ਰਾਸਦੀ ਵਿਚ ਕਸ਼ਟ ਭੋਗਣੇ ਪੈਂਦੇ ਹਨ ਤਾਂ ਸਾਡੇ ਅੰਦਰੋਂ ਕਰੁਣਾ ਉਗਮਦੀ ਹੈ ਅਤੇ ਕਿਤੇ ਅਜਿਹਾ ਸਾਡੇ ਨਾਲ ਵੀ ਨਾ ਹੋ ਜਾਵੇ ਇਹ ਤੱਥ ਭੈ ਪੈਦਾ ਕਰਦਾ ਹੈ। ਅਰਸਤੂ ਦੇ ਅਨੁਸਾਰ ਤ੍ਰਾਸਦੀ ਇਨ੍ਹਾਂ ਦੋਵਾਂ ਅਣਚਾਹੇ ਮਨੋਭਾਵਾਂ ਨੂੰ ਉਭਾਰ ਕੇ ਬਾਹਰ ਕਢਦੀ ਹੈ। ਤ੍ਰਾਸਦੀ ਵੇਖ ਕੇ ਵੀ ਸਾਨੂੰ ਇਕ ਅਜੀਬ ਕਿਸਮ ਦੀ ਸ਼ਾਂਤੀ ਅਤੇ ਅਨੰਦ ਇਸ ਲਈ ਮਿਲਦਾ ਹੈ ਕਿਉਂਕਿ ਵਿਰੇਚਨ ਸਿਧਾਂਤ ਅਨੁਸਾਰ ਸਾਡਾ ਅੰਤਰਮਨ ਸ਼ੁੱਧ ਅਤੇ ਸਵੱਸਥ ਹੋ ਚੁਕਿਆ ਹੁੰਦਾ ਹੈ। ਅਰਸਤੂ ਹੀ ਅਜਿਹਾ ਪਹਿਲਾ ਚਿੰਤਕ ਸੀ ਜਿਸਨੇ ਕਾਵਿ ਉਤੇ ਲੱਗੇ ਅਸ਼ਲੀਲਤਾ ਅਤੇ ਅਨੈਤਿਕਤਾ ਦੇ ਆਰੋਪਾਂ ਦਾ ਵਿਰੇਚਨ ਸਿਧਾਂਤ ਰਾਹੀਂ ਨਿਰਾਕਰਣ ਕੀਤਾ। ਉਸ ਨੇ ਜਿਥੇ ਇਹ ਸਪੱਸ਼ਟ ਕੀਤਾ ਕਿ ਕਾਵਿ ਭਾਵਨਾਵਾਂ ਦਾ ਸ਼ੁੱਧੀਕਰਣ ਕਰਦਾ ਹੈ ਉਥੇ ਨਾਲ ਹੀ ਨਾਲ ਦਸਿਆ ਕਿ ਦੁਖ ਮੂਲਕ ਕਾਵਿ (ਤ੍ਰਾਸਦੀ) ਵੀ ਕਿਉਂ ਸੁਖ ਪ੍ਰਦਾਨ ਕਰਦਾ ਹੈ।

# ਅਰਸਤੂ ਦੇ ਚਿੰਤਨ ਦਾ ਪ੍ਰਭਾਵ

ਅਰਸਤੂਵਾਦ ਫਿਲਾਸਫੀ ਦਾ ਇਕ ਸਕੂਲ ਅਤੇ ਉਹ ਸ਼ੈਲੀ ਹੈ ਜਿਹੜੀ ਕਿ ਮੱਧ ਯੁਗ ਵਿਚ ਤਿੰਨ ਮਹਾਂਦੀਪਾਂ ਵਿਚ ਚਾਰ ਜ਼ੁਬਾਨਾਂ ਵਿਚ ਵਧੀ ਫੁਲੀ ਤੇ ਵੀਹਵੀਂ ਸਦੀ ਤਕ ਵੀ ਉਸ ਦਾ ਪ੍ਰਭਾਵ ਹੈ। ਅਰਸਤੂ ਦੀ ਮੌਤ ਤੋਂ ਬਾਅਦ ਵੀ ਉਸ ਦਾ ਸਕੂਲ ਲੀਸਿਯਮ ਉਸ ਦੇ ਵਿਦਿਆਰਥੀਆਂ ਅਤੇ ਖ਼ਾਸ ਤੌਰ ਤੇ ਥੀਓਫਰੈਸਟਸ ਦੀ ਨਿਗਰਾਨੀ ਹੇਠ ਚਲਦਾ ਰਿਹਾ। ਥੀਓਫਰੈਸਟਸ ਤੋਂ ਬਾਅਦ ਅਰਸਤੂ ਦੇ ਵਿਰਸੇ ਦੀ ਪ੍ਰਾਣ-ਸ਼ਕਤੀ ਅਤੇ ਚਮਕ-ਦਮਕ ਮੱਠੀ ਪੈ ਗਈ ਅਤੇ ਇਹ ਕਈ ਸਦੀਆਂ ਬਾਅਦ ਜਾ ਕੇ ਮੁੜ ਸੁਰਜੀਤ ਹੋ ਸਕੀ। ਅਰਸਤੂ ਦੀਆਂ ਰਚਨਾਵਾਂ ਦਾ ਸੰਪਾਦਨ ਰ੍ਹੋਡਜ਼ (Rhodes) ਦੇ ਐਨਡਰੋਨੀਕਸ ਦੀ ਨਿਗਰਾਨੀ ਹੇਠ ਰੋਮ ਵਿਚ 30 ਈ.ਪੂ. ਦੇ ਆਸ ਪਾਸ ਹੋਇਆ। ਐਨਡਰੋਨੀਕਸ ਦੇ ਕੰਮ ਨੇ ਅਰਸਤੂਵਾਦ ਦੀ ਦਾਰਸ਼ਨਿਕ ਪਰੰਪਰਾ ਦਾ ਨੀਂਹ-ਪੱਥਰ ਰੱਖਿਆ। ਅਰਸਤੂ ਦੇ ਫਲਸਫੇ ਦੇ ਭਾਸ਼ਾ-ਵਿਗਿਆਨਕ ਪੱਖ ਤੋਂ ਵੱਖਰੇ ਦਾਰਸ਼ਨਿਕ ਦ੍ਰਿਸ਼ਟੀਕੋਣ ਦੇ ਅਧਿਐਨ ਦੇ ਵਿਕਾਸ ਦਾ ਕੰਮ ਐਫਰੋਡੀਸੀਆ ਦੇ ਅਲੈਗਜ਼ੈਂਡਰ ਨੇ ਕੀਤਾ। ਅਰਸਤੂ ਦੇ ਮੈਟਾਫਿਜ਼ਿਕਸ ਅਤੇ ਆਨ ਦ ਸੋਲ (On the Soul) ਉਤੇ ਉਸ ਦੀਆਂ ਵਿਆਖਿਆਵਾਂ ਕਾਲਜੇਤੂ ਰਚਨਾਵਾਂ ਬਣ ਗਈਆਂ। ਬਾਅਦ ਦੇ ਯਹੂਦੀ ਅਤੇ ਮੁਸਲਮਾਨ ਫਿਲਾਸਫਰਾਂ ਨੇ ਬੜੇ ਧਿਆਨ ਨਾਲ ਉਨ੍ਹਾਂ ਦਾ ਅਧਿਐਨ ਕੀਤਾ। ਕਸਤੁਨਤੁਨੀਆ ਦਾ ਥੈਮੀਸਟਿਸ ਇਕ ਪ੍ਰਸਿੱਧ ਵਿਆਖਿਆਕਾਰ ਹੈ, ਜਿਸ ਨੇ ਅਰਸਤੂ ਦੀ 'ਮੈਟਾਫਿਜ਼ਿਕਸ' ਦੀ ਬਾਰ੍ਹਵੀਂ ਕਿਤਾਬ ਦੀ ਵਿਆਖਿਆ ਕੀਤੀ ਅਤੇ ਇਹ ਵਿਆਖਿਆ ਬਾਅਦ ਵਿਚ ਅਰਬੀ, ਹਿਬਰਿਊ ਤੇ ਲਾਤੀਨੀ ਵਿਚ ਅਨੁਵਾਦ ਕੀਤੀ ਗਈ। ਪੰਜਵੀਂ ਸਦੀ ਵਿਚ ਕਈ ਵਿਦਵਾਨ ਦਾਰਸ਼ਨਿਕਾਂ ਨੇ ਅਰਸਤੂ ਦੀਆਂ ਰਚਨਾਵਾਂ ਦੀ ਵਿਆਖਿਆ ਕੀਤੀ ਪਰੰਤੂ ਇਹ ਵਿਦਵਾਨ ਅਰਸਤੂ ਦੀ ਬਜਾਇ ਪਲੈਟੋ ਅਤੇ ਪਲਾਟੀਨਸ ਤੋਂ ਜ਼ਿਆਦਾ ਪ੍ਰਭਾਵਿਤ ਸਨ। ਇਨ੍ਹਾਂ

ਵਿਚੋਂ ਕੁਝ ਦਾਰਸ਼ਨਿਕ ਈਸਾਈ ਸਨ ਅਤੇ ਕੁਝ ਗ਼ੈਰ-ਈਸਾਈ ਸਨ। ਅਰਸਤੂ ਦੇ ਵਿਚਾਰਾਂ ਦੀ ਸੈਮਿਟਿਕ ਜਗਤ ਵਿਚ ਪਹੁੰਚ ਬਣਾਉਣ ਦਾ ਸਿਹਰਾ ਈਸਾਈ ਚਿੰਤਕਾਂ ਨੂੰ ਜਾਂਦਾ ਹੈ ਜਿਹੜੇ ਸੀਰੀਅਨ ਭਾਸ਼ਾ ਨੂੰ ਬੋਲਦੇ ਸਨ ਅਤੇ ਗ੍ਰੀਕ ਵੀ ਜਾਣਦੇ ਸਨ। ਇਨ੍ਹਾਂ ਨੇ ਅਰਸਤੂ ਦੀਆਂ ਰਚਨਾਵਾਂ ਦਾ ਜਾਂ ਤਾਂ ਪਹਿਲਾਂ ਸੀਰੀਅਨ ਵਿਚ ਅਨੁਵਾਦ ਕਰ ਕੇ ਅਰਬੀ ਵਿਚ ਅਨੁਵਾਦ ਕੀਤਾ ਜਾਂ ਸਿੱਧਾ ਅਰਬੀ ਵਿਚ ਅਨੁਵਾਦ ਕੀਤਾ। ਇਸ ਦੇ ਹੀ ਨਾਲ ਨਾਲ ਜਾਂ ਇਸ ਤੋਂ ਵੀ ਪਹਿਲਾਂ ਅਰਸਤੂ ਦੇ ਵਿਚਾਰਾਂ ਦਾ ਯੂਨਾਨੀ ਚਰਚ ਨਾਲ ਸੰਬੰਧਿਤ ਪਾਦਰੀਆਂ ਦੀਆਂ ਰਚਨਾਵਾਂ ਵਿਚ ਪ੍ਰਵੇਸ਼ ਹੋ ਚੁੱਕਾ ਸੀ ਕਿਉਂਕਿ ਅਨੇਕਾਂ ਹੀ ਯੂਨਾਨੀ ਈਸਾਈ ਰਚਨਾਵਾਂ ਵਿਚ ਅਰਸਤੂ ਦੀ ਵਰਤੀ ਹੋਈ ਸ਼ਬਦਾਵਲੀ ਦਾ ਪ੍ਰਯੋਗ ਵੇਖਣ ਵਿਚ ਆਉਂਦਾ ਹੈ। ਫਿਰ ਵੀ ਇਹ ਵੇਖਣ ਵਿਚ ਆਉਂਦਾ ਹੈ ਕਿ ਅਰਸਤੂ ਨਾਲੋਂ ਵੱਧ ਪ੍ਰਭਾਵ ਪਲੈਟੋ ਦਾ ਸਵੀਕਾਰ ਕੀਤਾ ਗਿਆ ਹੈ। ਅਰਸਤੂ ਦੀਆਂ ਜ਼ਿਆਦਾਤਰ ਰਚਨਾਵਾਂ ਅਤੇ ਖ਼ਾਸ ਤੌਰ ਤੇ ਵਿਗਿਆਨ ਨਾਲ ਸੰਬੰਧਿਤ ਰਚਨਾਵਾਂ ਨੂੰ ਜਾਂ ਤਾਂ ਲੋਕ ਜਾਣਦੇ ਨਹੀਂ ਸਨ ਤੇ ਜਾਂ ਪੱਛਮ ਵਿਚ ਜਾਣ-ਬੁੱਝ ਕੇ ਉਦੋਂ ਤਕ ਅਣਗੌਲਿਆਂ ਰਖਿਆ ਗਿਆ ਜਦੋਂ ਤਕ ਕਿ ਕਈ ਸਦੀਆਂ ਤਕ ਇਨ੍ਹਾਂ ਦਾ ਅਨੁਵਾਦ ਅਰਬੀ ਭਾਸ਼ਾ ਤੋਂ ਦੂਜੀਆਂ ਭਾਸ਼ਾਵਾਂ ਵਿਚ ਨਹੀਂ ਕੀਤਾ ਗਿਆ। ਨੌਵੀਂ ਸਦੀ ਤਕ ਮੁਸਲਿਮ ਜਗਤ ਵਿਚ ਇਕ ਅਜਿਹੀ ਪਰੰਪਰਾ ਦਾ ਜਨਮ ਹੋ ਚੁੱਕਾ ਸੀ ਜਿਸ ਵਿਚ ਅਰਸਤੂ ਦੇ ਦਰਸ਼ਨ ਨੂੰ ਇਕ ਸਲੀਕੇ ਨਾਲ ਪੇਸ਼ ਕੀਤਾ ਗਿਆ ਸੀ ਅਤੇ ਇਸ ਸਮੇਂ ਤਕ ਆ ਕੇ ਪਲੈਟੋਵਾਦ ਤੋਂ ਛੁਟਕਾਰੇ ਦੀ ਰੁਚੀ ਵਧਦੀ ਨਜ਼ਰ ਆਉਂਦੀ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ 'ਦਾਰ-ਉਲ-ਇਸਲਾਮ' ਵਿਚ ਅਰਸਤੂ ਦੇ ਪ੍ਰਵੇਸ਼ ਨੂੰ ਕੋਈ ਚੁਨੌਤੀ ਨਹੀਂ ਦਿੱਤੀ ਗਈ। ਬਲਕਿ ਕਈ ਵਾਰੀ ਅਰਸਤੂ ਦੇ ਦਰਸ਼ਨ ਦਾ ਵਿਰੋਧ ਇਸਲਾਮੀ ਜਗਤ ਵਿਚ ਬੜਾ ਪ੍ਰਬਲ ਰਿਹਾ ਹੈ। ਅਰਸਤੂ ਦੀਆਂ ਰਚਨਾਵਾਂ ਅਰਬੀ ਭਾਸ਼ਾ ਵਿਚ ਪ੍ਰਵੇਸ਼ ਕਰਨ ਦੇ ਨਾਲ ਨਾਲ ਹੀ ਹੋਰਨਾਂ ਭਾਸ਼ਾਵਾਂ ਵਿਚ ਵੀ ਚਾਰੇ ਪਾਸੇ ਫੈਲਣੀਆਂ ਸ਼ੁਰੂ ਹੋ ਗਈਆਂ। ਮੱਧਕਾਲੀ ਯਹੂਦੀ ਸਮਾਜ ਦਾ ਬਹੁਮਤ ਕਿਉਂਕਿ ਮੁਸਲਿਮ ਜਗਤ ਵਿਚ ਰਹਿੰਦਾ ਸੀ ਅਤੇ ਅਰਬੀ ਲਿਖਦਾ ਬੋਲਦਾ ਸੀ ਇਸ ਲਈ ਅਰਸਤੂ ਦੇ ਅਰਬੀ ਅਨੁਵਾਦ ਯਹੂਦੀ ਦਾਰਸ਼ਨਿਕ ਪਰੰਪਰਾ ਦੇ ਅੰਗ ਬਣ ਗਏ ਅਤੇ ਮੱਧ ਯੁਗ ਵਿਚ ਇਸ ਨਾਲ ਸੰਬੰਧਿਤ ਕਈ ਚਿੰਤਕ ਪੈਦਾ ਹੋਏ। ਬਾਰ੍ਹਵੀਂ ਸਦੀ ਦੇ ਅੱਧ ਤਕ ਪਹੁੰਚਦਿਆਂ-ਪਹੁੰਚਦਿਆਂ

ਅਰਸਤੂ ਨੇ ਯਹੂਦੀ ਫਲਸਫੇ ਨੂੰ ਇਸ ਤਰ੍ਹਾਂ ਆਪਣੀ ਜਕੜ ਵਿਚ ਲੈ ਲਿਆ ਕਿ ਨਵੇਂ ਪਲੈਟੋਵਾਦੀ ਲੇਖਕ ਨਾ ਕੇਵਲ ਲਗਪਗ ਖ਼ਤਮ ਹੀ ਹੋ ਗਏ ਬਲਕਿ ਉਨ੍ਹਾਂ ਦੇ ਸਿਧਾਂਤ ਵੀ ਉਲਟਾ ਦਿੱਤੇ ਗਏ। ਮੈਮੋਨਾਈਡੀਜ਼ (1135-1204) ਤੋਂ ਅੱਗੇ ਯਹੂਦੀ ਦਾਰਸ਼ਨਿਕ ਅਤੇ ਧਾਰਮਿਕ ਸਾਹਿਤ ਉਤੇ ਅਰਸਤੂ ਦਾ ਪੂਰਾ ਪ੍ਰਭਾਵ ਵੇਖਣ ਵਿਚ ਆਉਂਦਾ ਹੈ। ਇਸਲਾਮ ਦੀ ਤਰ੍ਹਾਂ ਬਾਰ੍ਹਵੀਂ-ਤੇਰ੍ਹਵੀਂ ਸਦੀ ਦੇ ਯਹੂਦੀ ਚਿੰਤਕਾਂ ਨੇ ਅਰਸਤੂ ਦੇ ਵਿਚਾਰਾਂ ਦਾ ਪੂਰਾ-ਪੂਰਾ ਲਾਭ ਉਠਾਇਆ ਅਤੇ ਰੇਨੇਸਾਂ (ਪੁਨਰ ਜਾਗਰਣ ਕਾਲ) ਦੇ ਵਿਚ ਵੀ ਅਰਸਤੂ ਦਾ ਪ੍ਰਭਾਵ ਸਪੱਸ਼ਟ ਹੈ ਜਿਹੜਾ ਕਿ ਸਤਾਰ੍ਹਵੀਂ ਸਦੀ ਤਕ ਕਿਸੇ ਨਾ ਕਿਸੇ ਰੂਪ ਵਿਚ ਕੰਮ ਕਰਦਾ ਰਿਹਾ ਹੈ।

ਅਰਸਤੂ ਦਾ ਲਾਤੀਨੀ ਭਾਸ਼ਾ ਵਿਚ ਅਨੁਵਾਦ ਛੇਵੀਂ ਸਦੀ ਤੋਂ ਹੀ ਸ਼ੁਰੂ ਹੋ ਗਿਆ ਸੀ ਅਤੇ ਰੋਮ ਦੇ ਬੋਥੀਅਸ ਨਾਂ ਦੇ ਇਕ ਅਧਿਕਾਰੀ ਨੇ ਅਰਸਤੂ ਦੇ ਤਰਕ ਸ਼ਾਸਤਰ ਨਾਲ ਸੰਬੰਧਿਤ ਕੁਝ ਰਚਨਾਵਾਂ ਦਾ ਲਾਤੀਨੀ ਵਿਚ ਅਨੁਵਾਦ ਕੀਤਾ। ਬਾਰ੍ਹਵੀਂ ਸਦੀ ਤਕ ਹੋਰ ਕੋਈ ਅਨੁਵਾਦ ਨਾ ਹੋ ਸਕਿਆ ਅਤੇ ਇਸੇ ਕਾਰਨ ਮੱਧ ਯੁਗ ਦੇ ਲਾਤੀਨੀ ਵਿਚਲੇ ਦਾਰਸ਼ਨਿਕ ਜਗਤ ਵਿਚ ਅਰਸਤੂ ਕਿਧਰੇ ਵਿਖਾਈ ਨਹੀਂ ਦਿੰਦਾ ਜਦੋਂ ਕਿ ਅਰਬੀ ਤੇ ਹਿਬਰਿਊ ਜਗਤ ਵਿਚ ਅਰਸਤੂ ਦੀ ਰੌਸ਼ਨੀ ਫੈਲ ਚੁੱਕੀ ਸੀ। ਪਹਿਲੇ ਕੁਝ ਲਾਤੀਨੀ ਵਿਚ ਹੋਏ ਅਨੁਵਾਦ ਅਰਬੀ ਤੇ ਹਿਬਰਿਊ ਤੋਂ ਕੀਤੇ ਗਏ ਪਰੰਤੂ ਬਾਅਦ ਵਿਚ ਇਹ ਸਿੱਧੇ ਗ੍ਰੀਕ ਭਾਸ਼ਾ ਤੋਂ ਹੀ ਕੀਤੇ ਜਾਣ ਲੱਗੇ। ਤੇਰ੍ਹਵੀਂ ਸਦੀ ਦੇ ਮੱਧ ਤਕ ਥੌਮਸ ਐਕੁਈਨਾਸ (1225-1274) ਨੇ ਯਹੂਦੀ, ਈਸਾਈ ਅਤੇ ਇਸਲਾਮੀ ਚਿੰਤਨ ਨੂੰ ਅਰਸਤੂ ਦੇ ਦਰਸ਼ਨ ਦੇ ਚੌਖਟੇ ਵਿਚ ਰੱਖ ਕੇ ਆਪਣੀਆਂ ਦਾਰਸ਼ਨਿਕ ਵਿਆਖਿਆਵਾਂ ਪੇਸ਼ ਕੀਤੀਆਂ। ਬਾਅਦ ਦੇ ਈਸਾਈ ਧਾਰਮਿਕ ਸੰਤਾਂ ਨੇ ਤੇ ਦਾਰਸ਼ਨਿਕਾਂ ਨੇ ਥੌਮਸ ਦੇ ਕੰਮ ਨੂੰ ਅੱਗੇ ਵਧਾਇਆ ਅਤੇ ਅਜਿਹੀਆਂ ਰਚਨਾਵਾਂ ਜਾਂ ਵਿਆਖਿਆਵਾਂ ਪੇਸ਼ ਕੀਤੀਆਂ ਜਿਸ ਵਿਚ ਅਰਸਤੂ ਦੇ ਵਿਚਾਰਾਂ ਦਾ ਜਾਂ ਤਾਂ ਵਿਸਤਾਰ ਕੀਤਾ ਗਿਆ ਜਾਂ ਵਿਚਾਰਾਂ ਦੀ ਆਲੋਚਨਾ ਕੀਤੀ ਗਈ। ਤੇਰ੍ਹਵੀਂ ਸਦੀ ਤਕ ਅਰਬੀ, ਹਿਬਰਿਊ ਤੇ ਲਾਤੀਨੀ ਵਿਚ ਅਰਸਤੂ ਨੂੰ ਇਕ ਮਹਾਨ ਦਾਰਸ਼ਨਿਕ ਦੇ ਤੌਰ ਤੇ ਜਾਣਿਆ ਜਾਣ ਲੱਗ ਪਿਆ। ਪੰਦਰ੍ਹਵੀਂ ਸਦੀ ਤਕ ਜਦੋਂ ਇਟਲੀ ਵਿਚ

ਪੁਨਰ ਜਾਗਰਣ ਦੀ ਲਹਿਰ ਚੱਲਣ ਦੇ ਨਾਲ ਪਲੈਟੋ ਦੇ ਵਿਚਾਰਾਂ ਦਾ ਪਰਛਾਵਾਂ ਮੁੜ ਕੇ ਦਿਸਣਾ ਸ਼ੁਰੂ ਹੋਇਆ, ਅਰਸਤੂ ਦਾ ਪ੍ਰਭਾਵ ਸਾਰੇ ਮੱਧਕਾਲੀ ਜਗਤ ਵਿਚ ਪੂਰੀ ਤਰ੍ਹਾਂ ਪੈ ਚੁੱਕਾ ਸੀ।

ਅਰਸਤੂ ਦੇ ਦਰਸ਼ਨ ਦਾ ਸਭ ਤੋਂ ਵਧੀਆ ਤੱਥ ਇਹ ਹੈ ਕਿ ਉਹ ਬਹੁਤ ਵਿਆਪਕ ਹੈ। ਇਸ ਦਾ ਅਰਥ ਇਹ ਨਹੀਂ ਕਿ ਅਰਸਤੂ ਨੇ ਤਾਰਾ ਵਿਗਿਆਨ ਤੋਂ ਲੈ ਕੇ ਪ੍ਰਾਣੀ ਵਿਗਿਆਨ ਤਕ ਸਾਰਿਆਂ ਬਾਰੇ ਲਿਖਿਆ ਹੈ ਬਲਕਿ ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਉਸ ਨੇ ਆਮ ਮਨੁੱਖੀ ਅਨੁਭਵ ਵਿਚੋਂ ਅਜਿਹੇ ਵੱਡੇ ਅਰਥ ਕੱਢੇ ਕਿ ਆਮ ਅਨੁਭਵ ਵਿਚ ਵੀ ਇਕ ਦ੍ਰਿੜ ਵਿਚਾਰ ਪੱਧਤੀ ਦਾ ਸਰੂਪ ਪ੍ਰਗਟ ਹੋ ਉਠਿਆ। ਅਰਸਤੂ ਦਾ ਦਰਸ਼ਨ ਤਰਕ-ਚਿੰਤਨ ਨਾਲ ਸ਼ੁਰੂ ਹੁੰਦਾ ਹੈ ਅਤੇ ਉਸ ਦੀਆਂ ਤਰਕ ਸੰਬੰਧੀ ਰਚਨਾਵਾਂ ਦੇ ਪਹਿਲੇ ਅਨੁਵਾਦ ਲਾਤੀਨੀ ਵਿਚ ਹੋਏ ਹਨ। ਮੱਧਕਾਲੀ ਫਿਲਾਸਫਰਾਂ ਵਾਸਤੇ 'ਤਰਕ' (Logic) ਹਮੇਸ਼ਾ ਹੀ ਇਕ ਦਿਲਚਸਪ ਵਿਸ਼ਾ ਬਣਿਆ ਰਿਹਾ ਅਤੇ ਉਨ੍ਹਾਂ ਨੇ ਅਰਸਤੂ ਦੇ ਤਰਕ ਸ਼ਾਸਤਰ ਨੂੰ ਇਕ ਅਣਉਲਾਰੂ ਵਿਸ਼ੇ ਦੇ ਤੌਰ ਤੇ ਲਾਤੀਨੀ, ਅਰਬੀ ਅਤੇ ਹਿਬਰਿਊ ਵਿਚ ਮਾਂਜ ਸੁਆਰ ਕੇ ਵਿਕਸਿਤ ਕੀਤਾ।

ਅਰਸਤੂ ਦੇ ਵਿਚਾਰ ਖੇਤਰਾਂ ਵਿਚੋਂ ਕੁਦਰਤੀ ਵਿਗਿਆਨ ਦਾ ਅਧਿਐਨ ਵੀ ਉਸਦਾ ਅਤਿਅੰਤ ਮਨ ਭਾਉਂਦਾ ਖੇਤਰ ਸੀ ਅਤੇ ਉਸਨੇ ਭੌਤਿਕੀ ਅਤੇ ਪ੍ਰਾਣੀ ਵਿਗਿਆਨ ਉਤੇ ਵੀ ਰਚਨਾਵਾਂ ਲਿਖੀਆਂ। ਵਿਸ਼ੇਸ਼ ਵਿਗਿਆਨਾਂ ਦੇ ਵਖਰੇ-ਵਖਰੇ ਅਧਿਐਨਾਂ ਤੋਂ ਇਲਾਵਾ ਉਸ ਨੇ ਆਪਣੇ ਵਿਗਿਆਨਕ ਵਿਚਾਰਾਂ ਨੂੰ ਵਿਕਸਿਤ ਕਰ ਕੇ ਕੁਦਰਤ ਦਾ ਇਕ ਆਪਣਾ ਹੀ ਫਲਸਫਾ ਪੇਸ਼ ਕੀਤਾ ਅਤੇ ਮੱਧਕਾਲੀ ਚਿੰਤਕਾਂ ਨੇ ਅਰਸਤੂ ਦੇ ਸ੍ਰਿਸ਼ਟੀ ਵਿਗਿਆਨ ਦੇ ਮੁਖੀ ਸਿਧਾਂਤਾਂ ਨੂੰ ਆਮ ਤੌਰ ਤੇ ਸਵੀਕਾਰ ਕੀਤਾ ਅਤੇ ਅਪਣਾਇਆ। ਅਰਸਤੂ ਅਨੁਸਾਰ ਸਮੂਹ ਬ੍ਰਹਿਮੰਡ ਵਿਚ ਇਕ ਸੁਚੱਜੀ ਨੇਮ-ਬਧਤਾ ਹੈ ਅਤੇ ਇਸ ਅੰਦਰ ਹੋਣ ਵਾਲੀਆਂ ਕਿਰਿਆਵਾਂ ਦੀਆਂ ਨਿਯਮਬਧ ਜੁਗਤਾਂ ਅਤੇ ਉਦੇਸ਼ ਹਨ। ਅਰਸਤੂ ਦੇ ਕੁਦਰਤ ਪ੍ਰਤੀ ਇਸ ਤਰ੍ਹਾਂ ਦੇ ਚਿੰਤਨ ਨੂੰ ਇਸ ਲਈ ਵੀ ਚੰਗਾ ਸਮਝਿਆ ਜਾਂਦਾ ਰਿਹਾ ਕਿਉਂਕਿ ਇਸ ਵਿਚ ਧਰਮ ਅਤੇ ਈਸ਼ਵਰ-ਵਿਗਿਆਨ ਲਈ ਥਾਂ ਸੀ। 'ਮੈਟਾਫਿਜ਼ਿਕਸ' ਵਿਚ


www.punjabilibrary.com

ਅਰਸਤੂ ਨੇ ਜਿਸ ਕੁਦਰਤੀ ਈਸ਼ਵਰ ਵਿਗਿਆਨ ਦੀ ਗੱਲ ਕੀਤੀ ਹੈ ਉਸਦੀ ਮਦਦ ਨਾਲ ਮੱਧਕਾਲੀ ਚਿੰਤਕਾਂ ਨੇ ਅਨੇਕਾਂ ਦੈਵੀ ਗੁਣਾਂ ਨੂੰ ਦਰਸਾਉਣ ਵਾਲੇ ਸਿਧਾਂਤਾਂ ਦਾ ਵਿਕਾਸ ਕੀਤਾ ਅਤੇ ਬ੍ਰਹਿਮੰਡ ਦੇ ਰਹੱਸਾਂ ਦਾ ਉਦਘਾਟਨ ਕੀਤਾ। ਬ੍ਰਹਿਮੰਡੀ ਪ੍ਰਗਿਆ ਦੇ ਅਨੇਕਾਂ ਪੱਧਰਾਂ ਦੀ ਖੋਜ ਕੀਤੀ ਗਈ ਅਤੇ ਨਿਖੇੜੇ ਕੀਤੇ ਗਏ ਕਿ ਕਿਵੇਂ ਪਰਮ ਬੁੱਧੀਮਾਨ ਪਰਮਾਤਮਾ ਨਾਲੋਂ ਹੇਠਲੇ ਦਰਜੇ ਤੇ ਹੋਰ ਕਈ ਬੌਧਿਕ ਸ਼ਕਤੀਆਂ ਹਨ ਜਿਹੜੀਆਂ ਨਿਰਸੰਦੇਹ ਜੀਵਾਂ ਜਾਂ ਹੋਰ ਪ੍ਰਾਣਧਾਰੀਆਂ ਜਿਵੇਂ ਮਨੁੱਖ, ਘੋੜਾ ਜਾਂ ਫਲਾਂ-ਫੁੱਲਾਂ ਆਦਿ ਨਾਲੋਂ ਸ੍ਰੇਸ਼ਟ ਹਨ।

ਅਰਸਤੂ ਦੇ ਸ੍ਰਿਸ਼ਟੀ ਸੰਬੰਧੀ ਸਿਧਾਂਤਾਂ ਨੇ ਅਤੇ ਖ਼ਾਸ ਤੌਰ ਤੇ ਉਸਦੇ ਅਚਲ ਚਲੰਤਾ (Unmoved mover) ਅਤੇ ਸ੍ਰਿਸ਼ਟੀ ਦੀ ਅਨੰਤਤਾ ਦੇ ਸਿਧਾਂਤਾਂ ਨੇ ਕਾਫ਼ੀ ਹਲਚਲ ਮਚਾਈ। ਯਹੂਦੀਆਂ ਲਈ ਓਲਡ ਟੈਸਟਾਮੈਂਟ ਦੇ 'ਜੈਨਿਸਿਸ 1.1' ਤੋਂ ਵਧ ਸ੍ਰਿਸ਼ਟੀ ਰਚਨਾ ਸੰਬੰਧੀ ਅਧਿਕਾਰੀ ਗੱਲ ਹੋਰ ਕੀ ਹੋ ਸਕਦੀ ਸੀ ਜਿਸ ਵਿਚ ਕਿਹਾ ਗਿਆ ਹੈ: "ਸਭ ਤੋਂ ਪਹਿਲਾਂ ਰੱਬ ਨੇ ਆਕਾਸ਼ ਅਤੇ ਧਰਤੀ ਦਾ ਨਿਰਮਾਣ ਕੀਤਾ।" ਪੂਰੇ ਮੱਧ ਯੁਗ ਵਿਚ ਮੁਸਲਮਾਨ, ਯਹੂਦੀ ਅਤੇ ਈਸਾਈ ਚਿੰਤਕ ਅਰਸਤੂ ਅਤੇ ਬਾਈਬਲ ਵਿਚਕਾਰਲੇ ਸ੍ਰਿਸ਼ਟੀ ਰਚਨਾ ਸੰਬੰਧੀ ਵਿਵਾਦ ਨੂੰ ਹੀ ਸੁਲਝਾਉਣ ਵਿਚ ਲਗੇ ਰਹੇ। ਕਈ ਵਿਚਾਰ ਸਾਹਮਣੇ ਆਏ ਜਿਨ੍ਹਾਂ ਵਿਚੋਂ ਕੁਝ ਅਰਸਤੂ ਦੇ ਵਿਚਾਰਾਂ ਦੇ ਚੁਫੇਰੇ ਘੁੰਮਦੇ ਸਨ ਅਤੇ-ਕੁਝ ਬਾਈਬਲ ਦੇ ਸ੍ਰਿਸ਼ਟੀ ਵਰਣਨ ਨਾਲ ਰਲਦੇ ਸਨ। ਮੁਸਲਿਮ ਚਿੰਤਕਾਂ ਨੇ ਸਦੀਵੀ ਸ੍ਰਿਸ਼ਟੀ ਦੇ ਸਿਧਾਂਤ ਦਾ ਵਿਕਾਸ ਕਰਕੇ ਇਹ ਸਥਾਪਿਤ ਕਰਨ ਦਾ ਯਤਨ ਕੀਤਾ ਕਿ ਸ੍ਰਿਸ਼ਟੀ ਸਦੀਵੀ ਤੌਰ ਤੇ ਪਰਮਾਤਮਾ ਵਿਚੋਂ ਉਤਪੰਨ ਹੋਈ ਹੈ ਅਤੇ ਪਰਮਾਤਮਾ ਹੀ ਇਸਦਾ ਪਹਿਲਾ ਅਤੇ ਆਖ਼ਰੀ ਕਾਰਨ ਹੈ। ਸ੍ਰਿਸ਼ਟੀ ਰਚਨਾ ਦੇ ਸਿਧਾਂਤਾਂ ਸੰਬੰਧੀ ਵਿਵਾਦ ਪੂਰੇ ਮੱਧਕਾਲ ਵਿਚ ਚਲਦਾ ਰਿਹਾ ਅਤੇ ਅੰਤ ਵਿਚ ਥੌਮਸ ਐਕੁਈਨਾਸ ਵਰਗੇ ਸੰਤ ਫਿਲਾਸਫਰਾਂ ਨੇ ਇਸ ਵਿਸ਼ਵਾਸ ਦੀ ਪੁਸ਼ਟੀ ਕੀਤੀ ਕਿ ਸ੍ਰਿਸ਼ਟੀ ਰਚਨਾ ਸੰਬੰਧੀ ਉਲਝਣਾਂ ਨੂੰ ਫਿਲਾਸਫੀ ਦੇ ਆਧਾਰ ਤੇ ਨਹੀਂ ਸੁਲਝਾਇਆ ਜਾ ਸਕਦਾ ਬਲਕਿ ਇਸ ਸਭ ਲਈ ਰਹੱਸਵਾਦੀ ਬਿਰਤੀ ਦੀ ਲੋੜ ਹੈ।

ਅਰਸਤੂ ਦੀ ਕੁਦਰਤ ਸਿਧਾਂਤ ਦੀ ਸਭ ਤੋਂ ਗੰਭੀਰ ਸਮੀਖਿਆ ਸਪੇਨੀ-

ਯਹੂਦੀ ਧਰਮ ਸ਼ਾਸਤਰੀ ਹਸਦੈ ਕਰੈਸਕਾਸ (1340-1420) ਨੇ ਕੀਤੀ ਹੈ। ਕਰੈਸਕਾਸ (Hasdai Crescas) ਨੇ ਅਰਸਤੂ ਦੇ ਸਾਰੇ ਭੌਤਿਕੀ ਸਿਧਾਂਤਾਂ ਨੂੰ ਆਪਣੀ ਸਮੀਖਿਆ ਦਾ ਆਧਾਰ ਬਣਾਇਆ ਅਤੇ ਇਕ ਇਕ ਕਰ ਕੇ ਅਰਸਤੂ ਦੇ ਸਿਧਾਂਤਾਂ ਦਾ ਪੁਨਰ ਮੁਲਾਂਕਣ ਕੀਤਾ। ਕਰੈਸਕਾਸ ਨੇ ਕਿਹਾ ਕਿ ਇਕ ਵਾਸਤਵਿਕ 'ਅਨੰਤ' ਕਿਉਂ ਨਹੀਂ ਹੋ ਸਕਦਾ ? ਇਕ ਸੰਪੂਰਨ ਖਲਾਅ ਕਿਉਂ ਨਹੀਂ ਹੋ ਸਕਦਾ ? ਕੀ ਇਹ ਜ਼ਰੂਰੀ ਹੈ ਕਿ ਸਾਰੇ ਆਕਾਸ਼ੀ ਪਦਾਰਥ ਕਿਸੇ ਨਿਰਾਕਾਰ ਅਚਲ ਚਲੰਤਾ ਦੁਆਰਾ ਹੀ ਚਲਾਏ ਜਾਣ ? ਇਸ ਤਰ੍ਹਾਂ ਦੇ ਕਈ ਸੁਆਲਾਂ ਦੁਆਰਾ ਕਰੈਸਕਾਸ ਨੇ ਅਰਸਤੂ ਦੇ ਭੌਤਿਕੀ ਨਾਲ ਸੰਬੰਧਿਤ ਸਿਧਾਂਤਾਂ ਦਾ ਖੰਡਨ ਕੀਤਾ। ਇਨ੍ਹਾਂ ਦੇ ਬਦਲੇ ਵਿਚ ਕਰੈਸਕਾਸ ਨੇ ਇਕ ਅਜਿਹੇ ਅਨੰਤ ਬ੍ਰਹਿਮੰਡ ਦਾ ਸੁਝਾਅ ਪੇਸ਼ ਕੀਤਾ ਜਿਸ ਵਿਚ ਜਗਤ ਦੇ ਸਾਰੇ ਗ੍ਰਹਿ ਉਪਗ੍ਰਹਿ ਆਪਣੀ ਅੰਦਰੂਨੀ ਗਤੀ ਦੇ ਕਾਰਨ ਬਿਨਾਂ ਕਿਸੇ ਅਚਲ ਚਲੰਤਾ ਦੀ ਮਦਦ ਦੇ ਚਲਾਇਮਾਨ ਹਨ। ਉਸ ਨੇ ਕਿਹਾ ਕਿ ਅਜਿਹੇ ਬ੍ਰਹਿਮੰਡ ਦੇ ਕਾਰਨ ਹੀ ਪਰਮਾਤਮਾ ਅਨੰਤ ਰੂਪ ਵਿਚ ਸ਼ਕਤੀਮਾਨ ਸਿੱਧ ਹੁੰਦਾ ਹੈ।

ਮਨੋਵਿਗਿਆਨ ਨਾਲ ਸੰਬੰਧਿਤ ਅਰਸਤੂ ਦੀਆਂ ਇਹ ਪੰਗਤੀਆਂ ਕਿ 'ਬੁਧੀ ਹੀ ਸਾਰੇ ਪਦਾਰਥਾਂ ਨੂੰ ਆਕਾਰ ਦਿੰਦੀ ਹੈ' ਅਤੇ 'ਬੁਧੀ ਹੀ ਸਾਰੇ ਪਦਾਰਥ ਬਣ ਜਾਂਦੀ ਹੈ' ਉੱਤੇ ਵੀ ਵਧ ਤੋਂ ਵਧ ਵਿਆਖਿਆਵਾਂ ਕੀਤੀਆਂ ਗਈਆਂ ਹਨ। ਦਰਅਸਲ ਅਰਸਤੂ ਦੇ ਸਿਧਾਂਤਾਂ ਦੇ ਵਖੋ ਵਖ ਪੱਖਾਂ ਉਤੇ ਅਨੇਕਾਂ ਹੀ ਵਾਦ-ਵਿਵਾਦਾਂ ਦੇ ਬਾਵਜੂਦ 17ਵੀਂ ਸਦੀ ਤਕ ਵੀ ਚਿੰਤਨ ਦੇ ਖੇਤਰ ਵਿਚ ਅਰਸਤੂ ਦਾ ਪ੍ਰਭਾਵ ਪੂਰੀ ਤਰ੍ਹਾਂ ਛਾਇਆ ਰਿਹਾ ਹੈ। ਅਰਸਤੂ ਦੇ ਸਿਧਾਂਤਾਂ ਦੀ ਸਮੀਖਿਆ ਕਰਨ ਵਾਲੇ ਫਿਲਾਸਫਰਾਂ ਨੂੰ ਇਕ ਸਾਧਾਰਨ ਅਕਲ ਦੇ ਮਾਲਕ ਵਿਅਕਤੀ ਕਹਿੰਦਾ ਹੋਇਆ ਗੈਲੀਲਿਉ ਵਿਅੰਗਮਈ ਲਹਿਜੇ ਵਿਚ ਇਹ ਕਹਿੰਦਾ ਹੈ ਕਿ ਅਜਿਹੇ ਫਿਲਾਸਫਰ ਟੈਲੀਸਕੋਪ ਰਾਹੀਂ ਆਕਾਸ਼ ਵਲ ਵੇਖਣ ਦੀ ਬਜਾਇ ਆਕਾਸ਼ੀ ਗ੍ਰਹਿਆਂ ਨੂੰ ਪੁਸਤਕਾਂ ਵਿਚ ਭਾਲਦੇ ਹਨ। ਵੀਹਵੀਂ ਸਦੀ ਵਿਚ ਵੀ ਅਜੇ ਤਕ ਰੋਮਨ ਕੈਥੋਲਿਕ ਧਾਰਮਿਕ ਹਲਕਿਆਂ ਵਿਚ ਅਤੇ ਯੂਨੀਵਰਸਿਟੀਆਂ ਵਿਚ ਅਰਸਤੂ ਦੇ ਸਿਧਾਂਤਾਂ ਨੂੰ ਅਪਨਾਉਣ ਜਾਂ ਖੰਡਨ ਕਰਨ ਦੇ ਰੂਪ ਵਿਚ ਕਿਸੇ ਨਾ ਕਿਸੇ ਰੂਪ ਵਿਚ ਚਰਚਾ ਚਲਦੀ ਹੀ ਰਹਿੰਦੀ ਹੈ ਜਿਹੜੀ ਕਿ ਅਰਸਤੂ ਨੂੰ ਕਾਲਜੇਤੂ ਸਾਬਤ ਕਰਦੀ ਹੈ।

# ਪੁਸਤਕ-ਸੂਚੀ
# (Bibliography)

**English :**


Barker, E., *Political Thought of Plato and Aristotle*, London, 1906.

Burnet, John, *Greek Philosophy, Vol. II*, Macmillan and Co. Ltd., London, 1965.

Butcher, S.H., *Aristotle's Theory of Poetry and Fine Art with a Critical Text and Translation of Poetics*, Macmillan and Co. Ltd., London, Third Ed., 1902.

Cherniss, H.F., *Aristotle's Criticism of Plato and the Academy, Vol. I*, Baltimore, 1944.

— *Aristotle's Criticism of Pre-Socratic Philosophy*, Baltimore, 1935.

Düruig, I., *Aristotle in the Ancient Biographical Tradition*, Göteborg, 1957.

Edel, Abraham, *Aristotle and His Philosophy*, Croom Helm Ltd., 2-10 St. John Road, London, 1982.

— *Aristotle's Theory of the Infinite*, New York, 1934.

Edwards, Paul (Ed.), *Encyclopaedia of Philosophy, Vol. I* and *II*.

Guthrie, W.K.C., *A History of Greek Philosophy*, Cambridge University Press, London.

Hastings, James (Ed.), *The Encyclopaedia of Religion and Ethics, Vol. I*.

Iliade, Mercia, *Encyclopaedia of Religion, Vol. I.*
Lloyd, G.E.R., *Aristotle : The Growth and Structure of His Thought*, Cambridge University Press, London, 1968.
Miller, J.W., *The Structure of Aristotle's Logic*, London, 1938.

**हिन्दी :**

सिंह, बी. ऐन., *पाश्चात्य दर्शन*, स्टूडैण्टस फ्रैण्डज़ ऐण्ड कं: वाराणसी, द्वितीय संस्करण, 1980.

Read more like this at

www.punjabilibrary.com

ISBN 81-7205-136-0

**ਅਰਸਤੂ** ਸੰਸਾਰ ਦਾ ਇਕੱਲਾ ਅਜਿਹਾ ਚਿੰਤਕ ਸੀ, ਜਿਸ ਨੇ ਸੰਸਾਰ ਦੇ ਗਿਆਨ-ਉਦੈ ਵਿੱਚ ਹਰ ਪੱਖ ਤੋਂ ਅਤਿਅੰਤ ਸਾਰਥਕ ਦੇਣ ਦਿੱਤੀ ਹੈ। ਆਧੁਨਿਕ ਯੁਗ ਵਿੱਚ ਗਿਆਨ-ਵਿਗਿਆਨ ਅਤੇ ਦਰਸ਼ਨ ਦਾ ਕੋਈ ਖੇਤਰ ਅਜਿਹਾ ਨਹੀਂ, ਜਿਸਦਾ ਬੀਜ-ਰੂਪ ਵਿਚ ਆਰੰਭ ਅਰਸਤੂ ਵੱਲੋਂ ਪੇਸ਼ ਕੀਤੇ ਗਿਆਨ ਵਿੱਚੋਂ ਨਾ ਹੁੰਦਾ ਹੋਵੇ। ਇਤਿਹਾਸ ਦੇ ਹਰ ਯੁਗ ਵਿਚ, ਸੱਚ ਦੀ ਭਾਲ ਵਿਚ ਤੁਰੇ ਪਾਂਧੀਆਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਅਰਸਤੂ ਨੂੰ ਆਪਣੇ ਵਿਚਾਰਾਂ ਦਾ ਸੋਮਾ ਜ਼ਰੂਰ ਬਣਾਇਆ ਹੈ।

**ਡਾ. ਜੋਧ ਸਿੰਘ** (ਜਨਮ 15-5-1942) ਨੇ ਪੰਜਾਬ ਤੋਂ ਬਾਹਰ ਬਨਾਰਸ ਵਿਖੇ ਆਪਣੇ ਪ੍ਰਵਾਸ ਦੌਰਾਨ ਅੰਗ੍ਰੇਜ਼ੀ, ਹਿੰਦੀ ਅਤੇ ਫ਼ਿਲਾਸਫ਼ੀ ਵਿਚ ਪਹਿਲਾਂ ਐਮ. ਏ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਤੇ ਫਿਰ ਪੀ-ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਅੱਜ ਕਲ੍ਹ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਧਰਮ-ਅਧਿਐਨ ਵਿਭਾਗ ਦੇ ਪ੍ਰੋਫ਼ੈਸਰ-ਮੁਖੀ ਵਜੋਂ ਸੇਵਾ ਕਰ ਰਹੇ ਹਨ। ਇਸ ਸਮੇਂ ਦੌਰਾਨ ਆਪ ਨੇ ਸਿੱਖ ਸਿਧਾਂਤਾਂ ਬਾਰੇ ਕਈ ਪੁਸਤਕਾਂ ਤੇ ਖੋਜ-ਪੱਤਰ ਲਿਖ ਕੇ ਅਕਾਦਮਿਕ ਜਗਤ ਵਿੱਚ ਨਿੱਗਰ ਅਤੇ ਸੰਤੁਲਿਤ ਵਿਚਾਰਾਂ ਵਾਲੇ ਵਿਦਵਾਨ ਵਜੋਂ ਪ੍ਰਸਿੱਧੀ ਹਾਸਲ ਕੀਤੀ ਹੈ।

ਭਾਰਤੀ ਤੇ ਪੱਛਮੀ ਦਰਸ਼ਨ ਦੀਆਂ ਵਿਭਿੰਨ ਧਾਰਾਵਾਂ ਸੰਬੰਧੀ ਪ੍ਰਬੁੱਧ ਵਿਸ਼ੇਸ਼ੱਗ ਡਾ. ਜੋਧ ਸਿੰਘ ਦੀ ਲਿਖਤ ਵਿੱਚ ਗਹਿਰਾਈ ਵੀ ਹੈ ਤੇ ਪਾਸਾਰ ਵੀ। ਵਿਸ਼ਵ ਦੀਆਂ ਵਿਭਿੰਨ ਦਰਸ਼ਨ-ਧਾਰਾਵਾਂ ਦਾ ਤੀਖਣ ਦ੍ਰਿਸ਼ਟੀ ਦੁਆਰਾ ਤੁਲਨਾਤਮਕ ਅਧਿਐਨ ਕਰਦਿਆਂ ਰਵਾਨਗੀ ਤੇ ਸਰਲਤਾ ਉਨ੍ਹਾਂ ਦੇ ਸਹਿਜ-ਸਾਥੀ ਰਹਿੰਦੇ ਹਨ।

www.punjabilibrary.com